
# ਅੰਮ੍ਰਿਤ ਕੀਰਤਨ

ਦਸੰਬਰ 2010



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



## ਜਹਾਂ ਦਾਣੇ ਤਹਾਂ ਖਾਣੇ

ਪੁਰਸ਼ ਸੋਚਦਾ ਮਨ ਵਿਚ ਬਹੁਤ ਸੋਚਾਂ
ਚਲਣਾ ਪੈਂਵਦਾ ਵਾਹਿਗੁਰੂ ਭਾਣਿਆਂ ਤੇ

ਕਿੱਥੋਂ ਪਾਵਣਾ ਜਲ ਅਨਾਜ ਲਿਖਿਆ
ਪੰਛੀ ਵਾਂਗ ਫਿਰਦਾ ਉਨ੍ਹਾਂ ਦਾਣਿਆਂ ਤੇ।

ਪਾਲਣ ਪੇਟ ਪ੍ਰਵਾਹ ਨ ਰਾਜਿਆਂ ਨੂੰ,
ਸਫਰ ਪੈਂਵਦਾ ਉਨ੍ਹਾਂ ਘਰਾਣਿਆਂ ਤੇ।

ਭਾਗਾਂ ਨਾਲ ਹੀ ਮੇਲ ਸੰਤੋਖ ਹੁੰਦੇ,
ਕਰਦਾ ਮਿਹਰ ਜਦ ਸਾਈਂ ਅਜਾਣਿਆਂ ਤੇ।

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ
**ਸ: ਹਰਚੰਦਨ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

ਚੰਦੇ ਦਾ ਵੇਰਵਾ

- ▲ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ftu Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ


ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630
e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**


# ਇਸ ਅੰਕ ਵਿਚ


**ਮਿਤ੍ਰ ਅਸਾਡੜੇ ਸੇਈ** 4

**ਕਰਉ ਬੇਨੰਤੀਆ - ਸ਼ੁਕਰਾਨਾ=ਧੰਨਵਾਦ** 5

ਸੁਖਮਨੀ
ਸਿਰਦਾਰ ਕਪੂਰ ਸਿੰਘ 6

ਪੰਜਾਬੀ ਲੋਕ ਸੰਗੀਤ ਵਿਰਾਸਤ
ਡਾ. ਗੁਰਨਾਮ ਸਿੰਘ 9

ਰਾਗ ਅਤੇ ਰੁੱਤ
ਕਰਮ ਸਿੰਘ ਰਤਨ 12

ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ
ਰਮੇਸ਼ ਸਿੰਘ 14

**ਚੀਫ ਖਾਲਸਾ ਦੀਵਾਨ ਦੀ ਗੁਰਮਤਿ ਸੰਗੀਤ ਨੂੰ ਦੇਣ**
**ਡਾ. ਜਾਗੀਰ ਸਿੰਘ** 19

ਸੁਰ-ਲਿਪੀ : ਰਾਗ ਧਨਾਸਰੀ
ਪ੍ਰਿੰਸੀਪਲ ਦਿਆਲ ਸਿੰਘ 25

**ਸੁਰ ਲਿਪੀ ਦੇ ਅਰਥ** 26


**Please forward your e-mail id at drjagirsingh@gmail.com**

## ✉ ਮਿਤ੍ਰ ਅਸਾਡੜੇ ਸੇਈ

ਨਵੰਬਰ ਅੰਕ ਬੇਹੱਦ ਪਸੰਦ ਆਇਆ, ਕਰਉ ਬੇਨੰਤੀਆ (ਜਿਨ੍ਹਾਂ ਰਾਸ ਨਾ ਸਚੁ ਹੈ) ਦੇ ਤਹਿਤ ਡਾ. ਜਾਗੀਰ ਸਿੰਘ ਦੇ ਵਿਚਾਰ ਕਾਬੀਲੇ ਤਾਰੀਫ ਸਨ। ਜਿਸ ਤਰ੍ਹਾਂ ਬਾਦਸ਼ਾਹ ਅਕਬਰ ਦੇ ਦਰਬਾਰੀ ਗਾਇਕ ਤਾਨਸੇਨ ਨੂੰ ਬਾਦਸ਼ਾਹ ਨੇ ਸੁਆਲ ਕੀਤਾ ਕਿ ਤੇਰਾ ਉਸਤਾਦ ਕੌਣ ਹੈ, ਉਸ ਨੇ ਦੱਸਿਆ ਕਿ ਮੇਰਾ ਉਸਤਾਦ ਸੁਆਮੀ ਹਰੀਦਾਸ ਹੈ। ਬਾਦਸ਼ਾਹ ਨੇ ਉਸਤਾਦ ਨੂੰ ਮਿਲਣ ਅਤੇ ਉਸ ਦਾ ਸੰਗੀਤ ਸੁਣਨ ਦੀ ਇੱਛਾ ਪ੍ਰਗਟਾਈ। ਤਾਨਸੇਨ ਅਤੇ ਬਾਦਸ਼ਾਹ ਨੇ ਸੁਆਮੀ ਹਰੀਦਾਸ ਦੇ ਸਥਾਨ ਤੇ ਅੰਮ੍ਰਿਤ ਵੇਲੇ ਪਹੁੰਚ ਕੇ ਸੰਗੀਤ ਦਾ ਆਨੰਦ ਪ੍ਰਾਪਤ ਕੀਤਾ। ਬਾਦਸ਼ਾਹ ਨੇ ਤਾਨਸੇਨ ਨੂੰ ਪੁਛਿਆ ਕਿ ਤੇਰੇ ਗਾਉਣ ਅਤੇ ਤੇਰੇ ਉਸਤਾਦ ਦੇ ਗਾਉਣ ਵਿਚ ਅੰਤਰ ਕਿਉਂ ਹੈ ਤਾਂ ਤਾਨਸੇਨ ਕਹਿਣ ਲੱਗਾ ਮੇਰੇ ਗਾਉਣ ਦਾ ਮਕਸਦ ਹੈ ਤੁਹਾਨੂੰ ਖੁਸ਼ ਕਰਨਾ। ਮੈਂ ਤੁਹਾਡੇ ਤੋਂ ਇਨਾਮ ਪ੍ਰਾਪਤ ਕਰਨ ਲਈ ਗਾਉਂਦਾ ਹਾਂ ਪਰ ਮੇਰਾ ਉਸਤਾਦ ਕੇਵਲ ਪ੍ਰਮਾਤਮਾ ਦੀ ਖੁਸ਼ੀ ਲੈਣ ਲਈ ਗਾਉਂਦਾ ਹੈ, ਉਸ ਨੂੰ ਮਾਇਆ ਦਾ ਕੋਈ ਲਾਲਚ ਨਹੀਂ। ਇਸੇ ਤਰ੍ਹਾਂ ਸਾਡੇ ਰਾਗੀ ਗ੍ਰੰਥੀ, ਤਬਲਚੀ ਸਿੰਘਾਂ ਨੂੰ ਪ੍ਰਮਾਤਮਾ ਦੀ ਖੁਸ਼ੀ ਲੈਣ ਲਈ ਸੰਗੀਤ ਨੂੰ ਮਨ ਜੋੜ ਕੇ ਪੇਸ਼ ਕਰਨਾ ਚਾਹੀਦਾ ਹੈ। ਚਾਹੇ ਸੰਗਤ ਬੈਠੀ ਹੋਵੇ ਜਾਂ ਨਾ ਬੈਠੀ ਹੋਵੇ, ਕੀਰਤਨ ਮਨ ਲਗਾ ਕੇ ਕਰਨਾ ਚਾਹੀਦਾ ਹੈ।


ਮੰਗਤ ਸਿੰਘ ਮਸਤਾਨਾ

C/o Sangam Radio & T.V. College

G.T. Road, Malout





# ਸ਼ੁਕਰਾਨਾ=ਧੰਨਵਾਦ

ਮੇਰੇ ਦਾਦਾ ਜੀ ਵਾਹਿਗੁਰੂ ਜੀ ਦਾ ਸ਼ੁਕਰਾਨਾ ਆਪਣੇ ਹੀ ਤਰੀਕੇ ਨਾਲ ਕਰਦੇ ਸਨ। ਜਦੋਂ ਵੀ ਕੋਈ ਪ੍ਰਾਪਤੀ ਹੋਣੀ ਉਦੋਂ ਹੀ ਪੰਜਾਂ ਸਿੰਘਾਂ ਨੂੰ ਪਰਸ਼ਾਦਾ ਛਕਾ ਦੇਣਾ। ਜੇ ਕਿਸੇ ਵਿਸ਼ੇਸ਼ ਕੰਮ ਲਈ ਘਰੋਂ ਜਾਣਾ ਤਾਂ ਵੀ ਪੰਜਾਂ ਸਿੰਘਾਂ ਨੂੰ ਪਰਸ਼ਾਦਾ ਛਕਾ ਦੇਣਾ। ਜੇ ਕੋਈ ਸੰਕਟ ਆਉਣਾ ਤਾਂ ਵੀ ਪੰਜਾਂ ਸਿੰਘ ਨੂੰ ਪਰਸ਼ਾਦਾ ਛਕਾ ਦੇਣਾ। ਇਕ ਦਿਨ ਉਹ ਜਦੋਂ ਪੰਜਾਂ ਸਿੰਘਾਂ ਨੂੰ ਪਰਸ਼ਾਦਾ ਛਕਾ ਰਹੇ ਸਨ ਤਾਂ ਸਾਡਾ ਇਕ ਰਿਸ਼ਤੇਦਾਰ ਪ੍ਰੇਮ ਸਿੰਘ ਜੋ ਸੰਤਾਲੀ ਦੇ ਉਜਾੜਿਆਂ ਦਾ ਦੁਖੀ ਸੀ, ਸਾਡੇ ਘਰ ਆਇਆ ।ਮੁਆਫ ਕਰਨਾ 1947 ਦੀ ਜਿਸ ਘਟਨਾ ਨੂੰ ਹਿੰਦੁਸਤਾਨ ਦੇ ਬਹੁਤੇ ਲੋਕ ਆਜ਼ਾਦੀ ਆਖਦੇ ਹਨ ਉਸ ਨੂੰ ਸਾਡੇ ਪਰਿਵਾਰਾਂ ਵਿਚ ਅਜੇ ਵੀ ਸੰਤਾਲੀ ਦੇ ਉਜਾੜੇ ਕਹਿਕੇ ਯਾਦ ਕੀਤਾ ਜਾਂਦਾ ਹੈ।ਮੇਰੇ ਦਾਦਾ ਜੀ ਅਤੇ ਪ੍ਰੇਮ ਸਿੰਘ ਰੋਟੀ ਖਾਣ ਲੱਗ ਪਏ।ਮੈਂ ਉਹਨਾਂ ਨੂੰ ਰੋਟੀ ਦੇ ਰਿਹਾ ਸਾਂ।

ਉਹ ਰਿਸ਼ਤੇਦਾਰ ਆਖਣ ਲੱਗਾ– ਤੁਸੀ ਹਰ ਕੰਮ ਤੇ ਪੰਜਾਂ ਸਿੰਘਾਂ ਨੂੰ ਪਰਸ਼ਾਦਾ ਕਿਉਂ ਛਕਾਉਣ ਲੱਗ ਪੈਂਦੇ ਹੋ ?

ਦਾਦਾ ਜੀ ਨੇ ਕਿਹਾ–ਵਾਹਿਗੁਰੂ ਦਾ ਸ਼ੁਕਰਾਨਾ ਕਰਨ ਲਈ।

ਪ੍ਰੇਮ ਸਿੰਘ–ਪਰ ਸ਼ੁਕਰਾਨਾ ਤਾਂ ਉਸ ਦਾ ਕਰਨਾ ਚਾਹੀਦਾ ਹੈ ਜਿਸ ਬੰਦੇ ਨੇ ਸਾਡਾ ਕੰਮ ਕੀਤਾ ਹੈ।

ਦਾਦਾ ਜੀ ਨੇ ਕਿਹਾ–ਗੱਲ ਤਾਂ ਤੇਰੀ ਠੀਕ ਹੈ।

ਥੋੜੀ ਦੇਰ ਬਾਅਦ ਰੋਟੀ ਆ ਗਈ।

ਦਾਦਾ ਜੀ ਕਹਿਣ ਲੱਗੇ– ਪ੍ਰੇਮ ਸਿੰਘਾ, ਹੁਣ ਕਿਸ ਦਾ ਸ਼ੁਕਰਾਨਾ ਕਰੀਏ?

ਪ੍ਰੇਮ ਸਿੰਘ– ਇਹ ਤਾਂ ਸਾਨੂੰ ਬੇਬੇ ਜੀ ਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ ਜਿਹੜੇ ਸਾਨੂੰ ਰੋਟੀ ਪਕਾ ਕੇ ਖੁਆ ਰਹੇ ਹਨ।

ਬੇਬੇ ਜੀ ਬੋਲ ਪਏ– ਮੈਂ ਤਾਂ ਰੋਟੀ ਹੀ ਪਕਾਈ ਹੈ। ਆਟਾ ਤਾਂ ਨਹੀਂ ਬਣਾਇਆ। ਆਟਾ ਤੋਂ ਚੱਕੀ ਤੋਂ ਪਿਸਵਾ ਕੇ ਲਿਆਏ ਹਾਂ।

ਪ੍ਰੇਮ ਸਿੰਘ – ਹਾਂ, ਉਸ ਚੱਕੀ ਵਾਲੇ ਨੂੰ ਤੁਸੀਂ ਲਾਗਤ ਦੇ ਦਿੱਤੀ ਸੀ।

ਦਾਦਾ ਜੀ– ਭਾਈ ਆਟਾ ਤਾਂ ਕਣਕ ਤੋਂ ਬਣਿਆ ਸੀ। ਇਹ ਕਣਕ ਤਾਂ ਅਸੀਂ ਨਹੀਂ ਬਣਾਈ। ਇਹ ਤਾਂ ਖੇਤ ਵਿੱਚ ਪੈਦਾ ਹੋਈ ਸੀ।

ਦਾਦੀ ਜੀ– ਫਿਰ ਖੇਤ ਦਾ ਧੰਨਵਾਦ ਕਰਨਾ ਚਾਹੀਦਾ ਹੈ।

ਦਾਦਾ ਜੀ–ਕਣਕ ਬੀਜਣ ਲਈ ਹਲ ਦੀ ਲੋੜ ਪਈ ਸੀ, ਹਲ ਤਾਂ ਸੂਰਤ ਸਿੰਘ ਨੇ ਬਣਾਇਆ ਸੀ, ਉਸ ਦਾ ਵੀ ਧੰਨਵਾਦ ਕਰਨਾ ਚਾਹੀਦਾ ਹੈ।

ਪ੍ਰੇਮ ਸਿੰਘ– ਲਾਲਾ ਜੀ (ਬਹੁਤੇ ਲੋਕ ਸਾਡੇ ਦਾਦਾ ਜੀ ਨੂੰ ਲਾਲਾ ਜੀ ਕਹਿ ਕੇ ਬੁਲਾਉਂਦੇ ਸਨ) ਹੁਣ ਤੁਸੀ ਕਹੋਗੇ ਕਿ ਹਲ ਵਾਹੁਣ ਲਈ ਬਲਦਾਂ ਤੋਂ ਕੰਮ ਲਿਆ ਸੀ। ਉਹਨਾਂ ਦਾ ਵੀ ਧੰਨਵਾਦ ਕਰਨਾ ਚਾਹੀਦਾ ਹੈ।

ਦਾਦਾ ਜੀ– ਬਿਲਕੁਲ ਠੀਕ, ਕਣਕ ਤਾਂ ਖੇਤ ਵਿੱਚ ਉੱਗੀ ਖੇਤ ਦਾ ਧੰਨਵਾਦ ਵੀ ਕਰਨਾ ਚਾਹਦਾ ਹੈ।ਮੀਂਹ ਨੇ ਖੇਤ ਨੂੰ ਪਾਣੀ ਦਿੱਤਾ ਉਸ ਦਾ ਵੀ ਧੰਨਵਾਦ ਕਰਨਾ ਚਾਹੀਦਾ ਹੈ।

ਮੈਨੂੰ ਗੱਲ ਸੁਝ ਗਈ ਅਤੇ ਉੱਚੀ ਸਾਰੀ ਬੋਲਿਆ – ਪਰ ਰੋਟੀ ਪਕਾਉਣ ਲਈ ਅੱਗ ਤੋਂ ਵੀ ਕੰਮ ਲਿਆ ਸੀ ਉਸ ਦਾ ਵੀ ਧੰਨਵਾਦ ਕਰਨਾ ਚਾਹੀਦਾ ਹੈ।

ਪ੍ਰੇਮ ਸਿੰਘ ਬੋਲਿਆ – ਬਸ ਕਰੋ, ਬਸ ਕਰੋ, ਇਸ ਨਾਲੋਂ ਤਾਂ ਤੁਸੀਂ ਵਾਹਿਗੁਰੂ ਦਾ ਉਂਜ ਹੀ ਸ਼ੁਕਰਾਨਾ ਕਰ ਲਿਆ ਕਰੋ, ਜਿਸ ਤਰ੍ਹਾਂ ਤੁਸੀਂ ਕਰਦੇ ਹੋ। ਇਸ ਤਰ੍ਹਾਂ ਪੰਜਾਂ ਸਿੰਘਾਂ ਨੂੰ ਪਰਸ਼ਾਦਾ ਛਕਾਉਣ ਦੀ ਪਿਰਤ ਸਾਡੇ ਪਿਤਾ ਦੇ ਸਮੇਂ ਤਕ ਜਾਰੀ ਰਹੀ।ਹੁਣ ਤਾਂ ......।

# ਸੁਖਮਨੀ

## ਸਿਰਦਾਰ ਕਪੂਰ ਸਿੰਘ

(1) 'ਮਹਿੰਜੋ-ਦੇਰੂ' ਦੇ ਸੱਤ ਹਜ਼ਾਰ ਸਾਲ ਪੁਰਾਣੇ ਖੰਡਰਾਂ ਦੀ ਦੇਖ ਭਾਲ ਤੋਂ ਸਮਾਜਕ ਸਭਿਅਤਾ ਦੇ ਵਿਦਿਆਰਥੀ ਨੂੰ ਸਭ ਤੋਂ ਵੱਧ ਅਚੰਭਾ ਇਸ ਗੱਲ ਤੇ ਹੁੰਦਾ ਹੈ ਕਿ ਉਥੇ ਜੰਗੀ ਸ਼ਸਤਰਾਂ ਦੇ ਬਸਤੀਆਂ ਦੀ ਰੱਖਿਆ ਲਈ ਫਸੀਲਾਂ ਆਦਿਕ ਦਾ ਕੋਈ ਨਾਮ ਨਿਸ਼ਾਨ ਨਹੀਂ ਮਿਲਦਾ। ਉਸ, ਤਵਾਰੀਖ ਤੋਂ ਵੀ ਪਹਿਲੇ, ਦੂਰ ਦੁਰਾਡੇ ਸਮੇਂ ਵਿਚ ਕੀ ਕਾਰਨ ਹੋ ਸਕਦੇ ਹਨ ਕਿ ਮਨੁੱਖੀ ਸਮਾਜ ਤੇ ਬਸਤੀਆਂ ਸ਼ਸਤਰ ਵਿੱਦਿਆ ਤੇ ਯੁੱਧ ਪ੍ਰਕਿਤੀ ਤੋਂ ਇਸ ਹੱਕ ਤਕ ਬੇ ਨਿਆਜ਼ ਹੋ ਗਏ ਕਿ ਉਨ੍ਹਾਂ ਨੂੰ ਸ਼ੁੱਧ ਜੰਗ ਦੀ ਹੋਂਦ ਹੀ ਬੇਲੋੜੀ ਅਤੇ ਅਸੰਭਵ ਪ੍ਰਤੀਤ ਹੋਣ ਲੱਗ ਪਈ। ਮਨੁੱਖੀ ਸਭਿਅਤਾ ਦੀ ਤਾਰੀਖ ਵਿਚ ਕੋਈ ਸ਼ਹਾਦਤ ਇਸ ਯਕੀਨ ਦੀ ਪੁਸ਼ਟੀ ਵਿਚ ਨਹੀਂ ਮਿਲਦੀ ਕਿ ਸਭਿਅਤਾ ਤੇ ਤਹਿਜ਼ੀਬ ਦੀ ਉਨਤੀ ਜਾਂ ਸਾਇੰਸ ਦੇ ਵਿਕਾਸ ਨਾਲ ਮਨੁੱਖੀ ਸਮਾਜ ਦੀਆਂ ਮਾਰਨ ਖੰਡੀਆਂ ਤੇ ਚੰਡਿਕਾ ਰੁਚੀਆਂ ਵਿਚ ਕੋਈ ਬੁਨਿਆਦੀ ਤਬਦੀਲੀ ਆ ਜਾਂਦੀ ਹੈ: ਸਗੋਂ ਸ਼ਹਾਹਤ ਇਸ ਦੇ ਬਿਲਕੁਲ ਉਲਟ ਹੈ ਕਿ ਜਿਉਂ ਜਿਉਂ ਪ੍ਰਕਿਰਤੀ ਦਿਆਂ ਭੇਤਾਂ ਤੇ ਉਸ ਦੀਆਂ ਸ਼ਕਤੀਆਂ ਉੱਤੇ ਆਦਮੀ ਦਾ ਵਸੀਕਾਰ ਵਧਦਾ ਜਾਂਦਾ ਹੈ ਤੇ ਜਿਉਂ ਜਿਉਂ ਕਿਸੇ ਸਮਾਜ ਜਾਂ ਕੌਮ ਦੀ ਮਾਦੀ ਤੇ ਮਾਨਸਿਕ ਹਾਲਤ ਉਨਤ ਤੇ ਪੇਚੀਦਾ ਹੁੰਦੀ ਜਾਂਦੀ, ਤਿਉਂ ਤਿਉਂ ਯੁੱਧ ਜੰਗ ਦੀ ਲੋੜ ਤੇ ਉਸ ਨੂੰ ਸਿਰੇ ਚੜ੍ਹਾਣ ਦੇ ਢੰਗ ਵਧੇਰੇ ਡੂੰਘੇ ਤੇ ਹਾਨੀਕਾਰਕ ਹੁੰਦੇ ਜਾਂਦੇ ਹਨ।

ਗਉੜੀ ਸੁਖਮਨੀ ਮਃ ੫ ॥
ਸਲੋਕੁ ॥
ੴ ਸਤਿਗੁਰ ਪ੍ਰਸਾਦਿ ॥
ਆਦਿ ਗੁਰਏ ਨਮਹ ॥
ਜੁਗਾਦਿ ਗੁਰਏ ਨਮਹ ॥
ਸਤਿਗੁਰਏ ਨਮਹ ॥
ਸ੍ਰੀ ਗੁਰਦੇਵਏ ਨਮਹ ॥੧॥
ਅਸਟਪਦੀ ॥
ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥
ਕਲਿ ਕਲੇਸ ਤਨ ਮਾਹਿ ਮਿਟਾਵਉ ॥
ਸਿਮਰਉ ਜਾਸੁ ਬਿਸੁੰਭਰ ਏਕੈ ॥
ਨਾਮੁ ਜਪਤ ਅਗਨਤ ਅਨੇਕੈ ॥
ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਹਰ ॥
ਕੀਨੇ ਰਾਮ ਨਾਮ ਇਕ ਆਖ੍ਹਰ ॥
ਕਿਨਕਾ ਏਕ ਜਿਸੁ ਜੀਅ ਬਸਾਵੈ ॥
ਤਾ ਕੀ ਮਹਿਮਾ ਗਨੀ ਨ ਆਵੈ ॥
ਕਾਂਖੀ ਏਕੈ ਦਰਸ ਤੁਹਾਰੋ ॥
ਨਾਨਕ ਉਨ ਸੰਗਿ ਮੋਹਿ ਉਧਾਰੋ ॥੧॥
ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥

(2) 'ਨਿਟਸ਼ੇ' ਕਹਿੰਦਾ ਹੈ ਕਿ ਸਮਾਜੀ ਜੀਵਨ ਤੇ ਇਨਫਰਾਦੀ ਜੀਵਨ ਆਪਣੀ ਉਨਤੀ ਲਈ ਜੰਗੀ ਰੁਚੀਆਂ ਤੇ ਉਨ੍ਹਾਂ ਨੂੰ ਵਰਤਣ ਦੇ ਮੌਕਿਆਂ ਦੀਆਂ ਰਿਣੀ ਹਨ। ਤੇ 'ਮੁਸੋਲੀਨੀ' ਹਾਮੀ ਭਰਦਾ ਹੈ ਕਿ ਕਿਸੇ ਕੌਮ ਦੇ ਜੀਵਨ ਦਾ ਮੌਤ ਦਾ ਨਿਰਭਰ ਅਜਿਹੀਆਂ ਜੰਗੀ ਰੁਚੀਆਂ ਨੂੰ ਵੱਧ ਤੋਂ ਵੱਧ ਚੁੜੱਤਣ ਦੇਣ ਉੱਤੇ ਹੈ।

(3) ਅੱਜ ਜਦੋਂ ਕਿ ਦੁਨੀਆਂ ਇਕ ਦੂਸਰੇ ਦੇ ਲਹੂ ਦੀ ਤ੍ਰਿਹਾਣੀ ਇਸ ਭਿਆਨਕ ਤਰੀਕੇ ਨਾਲ ਹੋ ਰਹੀ ਹੈ ਕਿ ਨਹੀਂ ਕਿਹਾ ਜਾ ਸਕਦਾ ਕਿ ਆਉਣ ਵਾਲੀਆਂ ਇਨਸਾਨੀ ਨਸਲਾਂ ਦੀ ਕੀ ਦਸ਼ਾ ਹੋਵੇਗੀ, ਵਿਚਾਰਵਾਨ, ਮਨਾਂ ਲਈ ਇਸ ਸਵਾਲ ਦੀ ਅਹਿਮੀਅਤ ਤੇ ਗੌਰਵਤਾ ਬਹੁਤ ਵੱਧ ਜਾਂਦੀ ਹੈ ਕਿ ਕੀ ਕੋਈ ਅਜਿਹਾ ਗੁਰ ਯਾ ਰਾਹ ਨਹੀਂ, ਜਿਸ ਨੂੰ ਵਰਤਿਆਂ ਅਜਿਹਾ ਜੰਗਲੀ ਖੂਨ ਖਰਾਬਾ ਬੇ-ਲੋੜਾ ਹੋ ਜਾਵੇ ਤੇ ਮਨੁੱਖ ਤੇ ਸਮਾਜ ਨੂੰ ਹਮੇਸ਼ਾ ਲਈ ਉਹ ਅਤੁੱਟ ਅਮਨ ਤੇ ਸੁੱਖ ਮਿਲ ਜਾਵੇ, ਜਿਸ ਤੋਂ ਬਿਨ੍ਹਾਂ ਮਨੁੱਖ ਦਾ ਉਨ੍ਹਾਂ ਆਤਮਿਕ ਮੰਡਲਾਂ ਵਿਚ ਵਿਚਰਨਾ ਅਸੰਭਵ ਹੈ, ਜੋ ਕਿ ਅਜੇ ਤਕ ਖੋਜੇ ਪੜਤਾਲੇ ਨਹੀਂ ਜਾ ਸਕੇ, ਪਰ ਜਿਨ੍ਹਾਂ ਦੀ ਹੋਂਦ ਤੋਂ ਕੋਈ ਵਿਚਾਰਵਾਨ ਆਦਮੀ ਮੁਨਕਰ ਨਹੀਂ।

(4) ਇਕ ਉੱਤਰ ਇਸ ਗੁੰਝਲ ਦਾ 'ਸੋਸ਼ਲਿਜ਼ਮ' ਸਾਂਝੀਵਾਲਤਾ ਹੈ। ਇਸ ਦੇ ਹਾਮੀਆਂ ਦਾ ਵਿਸ਼ਵਾਸ ਹੈ ਕਿ ਕੌਮਾਂਤਰੀ ਖਿਚੋਤਾਣ ਦਾ ਮੁਢਲਾ ਕਾਰਨ ਮਾਦੀ ਪਦਾਰਥਾਂ ਦੀ ਬੇਸੁਰੀ ਵੰਡ ਹੈ ਜੇ ਦੁਨਿਆਵੀਂ ਸਾਮਾਨ ਲੋਕਾਂ ਕੋਲ ਇਤਨੇ ਘੱਟ ਵੱਧ ਨਾ ਹੋਣ ਕਿ ਅਮੀਰੀ ਤੇ ਗਰੀਬ ਇਕੋ ਥਾਂ ਤੇ ਮੋਢੇ ਨਾਲ ਮੋਢਾ ਰਗੜੇ ਤਾਂ ਮਾਰਨ ਖੰਡੀਆਂ ਰੁਚੀਆਂ ਤੇ ਪਰਸਪਰ ਈਰਖਾ ਆਪੇ ਨਾਬੂਦ ਹੋ ਜਾਣ ਤੇ ਦੁਨੀਆਂ ਉਸ ਸੁੱਖ ਤੇ ਸ਼ਾਂਤੀ ਨੂੰ ਪ੍ਰਾਪਤ ਹੋ ਜਾਵੇ ਜੋ ਕਿ ਅਜੇ ਦੁਨੀਆਂ ਵਿਚ ਇਤਨੀ ਵਧੇਰੇ ਹੈ ਕਿ ਇਹ ਸਿਧਾਂਤ ਇਕ ਆਲਮਗੀਰ

ਮਜ਼ਹਬ ਦੀ ਸ਼ਕਲ ਇਖਤਿਆਰ ਕਰ ਗਿਆ ਹੈ। ਗੁਰੂ ਅਰਜਨ ਸਾਹਿਬ ਜੀ ਨੇ ਵੀ ਇਸ ਲੋੜੀਂਦੇ ਸਵਾਲ ਦਾ ਉੱਤਰ ਦੇਣ ਦੀ ਕੋਸ਼ਿਸ਼ ਕੀਤੀ ਹੈ ਤੇ ਉਨ੍ਹਾਂ ਦੀ ਰਚਿਤ 'ਸੁਖਮਨੀ ਸਾਹਿਬ' ਇਸ ਨੁਕਤੇ ਤੋਂ ਇਕ ਬੜੀ ਜ਼ਰੂਰੀ ਤੇ ਅਹਿਮ ਬਾਣੀ ਕਹੀ ਜਾ ਸਕਦੀ ਹੈ।

(5) ਗੁਰੂ ਅਰਜਨ ਸਾਹਿਬ ਜੀ ਦਾ ਸਿਧਾਂਤ ਇਹ ਹੈ ਕਿ ਮਨੁੱਖ ਦੇ ਮਨ ਤੇ ਬੁੱਧੀ ਦੀਆਂ ਤਰੁੱਟੀਆਂ ਤੇ ਮਨੁੱਖੀ ਸਮਾਜ ਦੇ ਪਰਸਰ ਖਹਿ ਖਹਿ ਤੇ ਨਿਤ ਨਿਤ ਦੇ ਯੁੱਧਾਂ ਜੰਗਾਂ ਦਾ ਕਾਰਨ ਇਨਸਾਨੀ ਮਨ ਤੇ ਰੂਹ ਦੇ ਸੰਸਕਾਰਾਂ ਵਿਚ ਪੋਸ਼ੀਦਾ ਹੈ। ਜਿਤਨਾ ਚਿਰ ਅਚੇਤ ਮਨ ਦੀਆਂ ਰੁਚੀਆਂ ਤੇ ਕਾਬੂ ਪਾ ਕੇ ਰੂਹ ਦੀਆਂ ਸਭ ਤੋਂ ਹੇਠਲੀਆਂ ਗਹਿਰਾਈਆਂ ਵਿਚ ਇਨਕਲਾਬ ਨਹੀਂ ਲਿਆਇਆ ਜਾਂਦਾ, ਉਤਨਾ ਚਿਰ ਬਾਹਰਲੀਆਂ ਮਾਦੀ ਹਾਲਤਾਂ ਵਿਚ ਕੋਈ ਅਦਲਾ ਬਦਲੀ ਵੀ ਮਨੁੱਖ ਲਈ ਉਸ ਅਮਨ ਤੇ ਸ਼ਾਂਤੀ ਦਾ ਸੂਚਕ ਨਹੀਂ ਹੋ ਸਕਦੀ, ਜਿਸ ਅਮਨ ਤੇ ਸ਼ਾਂਤੀ ਤੋਂ ਬਿਨਾਂ ਆਦਮੀ ਆਪਣੇ ਮੌਜੂਦਾ ਮੰਡਲ ਤੋਂ ਬਿਲਕੁਲ ਉੱਚਾ ਉੱਠ ਕੇ ਉਥੇ ਪਹੁੰਚ ਸਕੇ, ਜਿਸ ਨੂੰ ਕਿ ਦੇਵਤਿਆਂ ਦੀ ਪਦਵੀ, ਪਾਰਗ੍ਰਾਮੀ ਮਨੁੱਖੀ ਮੰਗਲ, ਕਿਹਾ ਜਾ ਸਕੇ। ਇਨਸਾਨ ਦੀਆਂ ਆਤਮਿਕ ਗਹਿਰਾਈਆਂ ਵਿਚ ਇਹ ਇਨਕਲਾਬ ਲਿਆਉਣ ਲਈ ਉਹ ਇਕ ਸਾਧਨ ਨੂੰ ਸਭ ਨਾਲੋਂ ਉੱਤਮ ਸਾਧਨ ਦੱਸਦੇ ਹਨ, ਜੋ ਸਾਧਨ ਕਿ ਸਿੱਖ ਧਰਮ ਦਾ ਮਰਕਜ਼ੀ ਸਤੂਨ ਹੈ, ਉਹ ਹੈ ਨਾਮ ਸਿਰਮਨ। ਨਾਮ ਸਿਰਮਨ ਸਾਧਨ ਭੀ ਹੈ ਤੇ ਨਿਸ਼ਾਨਾ ਵੀ। ਇਸ ਸਾਧਨ ਦੀ ਨੀਂਹ ਉਸ ਸੱਚਾਈ ਉੱਤੇ ਰੱਖੀ ਹੋਈ ਹੈ, ਜਿਸ ਨੂੰ ਭਗਵਾਨ ਪਤੰਜਲੀ ਤੋਂ ਲੈ ਕੇ ਰਿਸ਼ੀ ਅਰਵਿੰਦੋ ਘੋਸ਼ ਤਕ ਸਾਧਕਾਂ ਨੇ ਤਜ਼ਰਬੇ ਦੀ ਕਸਵੱਟੀ ਉੱਤੇ ਪਰਖ ਕੇ ਸਹੀ ਮੰਨਿਆ ਹੈ। ਥੋੜ੍ਹੇ ਅੱਖਰਾਂ ਵਿਚ ਇਸ ਸਾਧਨ ਦਾ ਤੱਤ ਇਹ ਹੈ ਕਿ ਮਨ ਦੀਆਂ ਤੈਹਾਂ ਨੂੰ ਰੋਜ਼ਮਰਾ ਦੇ ਖਿਆਲੀ ਵਿਤਕਰਿਆਂ ਤੋਂ ਸਾਫ ਕੀਤਾ ਜਾਵੇ ਤੇ ਮਨ ਦੀਆਂ ਬਿਰਤੀਆਂ ਨੂੰ ਨਿਤਾਪ੍ਰਤੀ ਸਾਧਨ ਦੁਆਰਾ ਆਤਮਾ ਦੇ ਉੱਚੇ ਤੋਂ ਉੱਚੇ ਮੰਡਲਾਂ ਦੇ ਕਿਸੇ ਇਕ ਮਰਕਜ਼ ਤੇ ਲਾਇਆ ਜਾਵੇ। ਇਹ ਇਕਾਰਗਤਾ ਤੇ ਇਹ ਸਾਧਨ, ਸੱਚ ਤੇ ਇਨਸਾਫ ਦੇ ਧੁਰੇ ਤੇ ਖੜੋ ਕੇ, ਦਸਾਂ ਨਹੁੰਆਂ ਦੀ ਕਿਰਤ ਕਰਦਿਆਂ ਤੇ ਵੰਡ ਛਕਦਿਆਂ, ਪਰਉਪਕਾਰ ਤੇ ਵਾਯੂ ਮੰਡਲ ਵਿਚ ਨਿਰਭਵੁ ਹੋ ਕੇ ਕੀਤਾ ਜਾਵੇ। ਇਸ ਤਰ੍ਹਾਂ ਉਸ ਆਤਮਿਕ ਅਵਸਥਾ ਦੀ ਪ੍ਰਾਪਤੀ ਹੋ ਜਾਂਦੀ ਹੈ ਜੋ ਕਿ ਮਨੁੱਖੀ ਜੀਵਨ ਦਾ ਅੰਤਮ ਨਿਸ਼ਾਨਾ ਹੈ ਤੇ ਜਿਸ ਤਕ ਪਹੁੰਚਣ ਲਈ ਪ੍ਰਕਿਤੀ ਦੀਆਂ ਸਭ ਸ਼ਕਤੀਆਂ ਸੰਸਾਰ ਦੀਆਂ ਉਤਪਤੀ ਤੋਂ ਲੈ ਕੇ ਯਤਨ ਕਰ ਰਹੀਆਂ ਹਨ। ਜਿਸ ਨਿਸ਼ਾਨੇ ਦੀ ਹੋਂਦ ਦਾ ਇਕ ਧੁੰਦਲਾ ਜਿਹਾ ਅਕਸ 'ਨਿਟਸ਼ੇ' ਦੇ ਮਨ ਤੇ ਪਿਆ ਹੈ ਤੇ ਉਹ ਕੂਕ ਉਠਿਆ ਹੈ:

And lo! I preach to you the Superman,
Superman is the meaning of the Earth.

(6) ਸੁਖਮਨੀ ਸਾਹਿਬ ਦਾ ਮੁਤਾਲਿਆਂ ਦੋ ਪਹਿਲੂਆਂ ਤੋਂ ਮਨੋਰੰਜਕ ਹੈ ਇਕ ਤਾਂ ਇਸ ਵਿਚ ਇਕ ਮਹਾਨ ਆਤਮਕ ਸਾਧਨ ਦਾ ਵਰਣਨ ਹੈ, ਜਿਸ ਦੇ ਯਮ ਨਿਯਮਾਂ ਦਾ ਬਿਆਨ ਤੇ ਇਸ ਦੀਆਂ ਵੱਖੋ-ਵੱਖਰੀਆਂ ਮੰਜ਼ਲਾਂ ਦੀ ਵਿਆਖਿਆ। ਦੂਸਰਾ ਪਹਿਲੂ ਇਸ ਦੇ ਸਾਹਿਤਕ ਸੁਹੱਪਣ ਦਾ ਹੈ। ਇਸ ਦੇ ਛੰਦਾਂ ਦੀ ਅਨੁਪਸ ਰਵਾਨੀ ਤੇ ਇਸ ਦੀ ਕਵਿਤਾ ਦਾ ਜਾਦੂ ਭਰਿਆ ਸੰਗੀਤ।

ਸੰਕੇਤਕ ਮੰਗਲਾਚਰਨ ਤੋਂ ਪਿੱਛੋਂ ਸੁਖਮਨੀ ਸਾਹਿਬ ਦੇ ਪਹਿਲੇ ਛੰਦ ਵਿਚ ਹੀ ਨਾਮ ਸਿਮਰਨ ਦੇ ਸਾਧਨ ਨੂੰ ਗ੍ਰਹਿਣ ਕਰਨ ਦਾ ਉਪਦੇਸ਼ ਹੈ ਕਿ ਮਨ ਦੀਆਂ ਬਿਰਤੀਆਂ ਅਤੇ ਖਿੰਡਵੀਆਂ ਕਲਪਨਾਵਾਂ ਨੂੰ ਸੁੰਗੇੜ ਕੇ ਇਨ੍ਹਾਂ ਨੂੰ ਆਪਣੇ ਆਦਰਸ਼ ਦੇ ਉੱਚੇ ਤੋਂ ਉੱਚੇ ਨੁਕਤੇ ਉੱਤੇ ਇਕਾਗਰ ਕਰਨ ਦਾ ਅਤੁੱਟ ਯਤਨ ਕਰੋ:

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥ ਕਲਿ ਕਲੇਸ ਤਨ ਮਾਹਿ ਮਿਟਾਵਉ॥ ਸਿਮਰਉ ਜਾਸੁ ਬਿਸੁੰਭਰ ਏਕੈ॥ ਨਾਮੁ ਜਪਤ ਅਗਨਤ ਅਨੇਕੈ॥ ਬੇਦ ਪੁਰਾਨ ਸਿੰਮ੍ਰਿਤ ਸੁਧਾਖੁਰ॥ ਕੀਨੇ ਰਾਮ ਨਾਮ ਇਕ ਆਖੁਰ॥ ਕਿਨਕਾ ਏਕ ਜਿਸੁ ਜੀਅ ਬਸਾਵੈ॥ ਤਾ ਕੀ ਮਹਿਮਾ ਗਨੀ ਨ ਆਵੈ। (ਪੰਨਾ 262)

ਜੇ ਇਹ ਆਦਰਸ਼ ਜਿਸ ਦਾ ਕਿ ਸਿਮਰਨ ਕੀਤਾ ਜਾ ਰਿਹਾ ਹੈ, ਆਸਤਕਤਾ ਦੇ ਮੰਡਲਾਂ ਵਿਚ ਪਰਮਾਤਮਾ ਨਾਲ ਅਭੇਦ ਹੋ ਜਾਵੇ ਤਾਂ ਮਨ ਨਿੱਤ ਦੇ ਭੈਅ ਭਰਮਾਂ ਵਿਚੋਂ ਨਿਕਲ ਕੇ ਤੰਦਰੁਸਤ ਤੇ ਅਰੋਗ ਹੋਣ ਲੱਗ ਜਾਂਦਾ ਹੈ:

ਪ੍ਰਭ ਕੇ ਸਿਮਰਨਿ ਗਰਭਿ ਨ ਬਸੈ॥ ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ॥ ਪ੍ਰਭ ਕੈ ਸਿਮਰਨਿ ਕਾਲੁ ਪਰਹਰੈ॥ ਪ੍ਰਭ ਕੇ ਸਿਮਰਨਿ ਦੁਸਮਨੁ ਟਰੈ॥ ਪ੍ਰਭ ਸਿਮਰਤ ਕਛੁ॥ ਬਿਘਨੁ ਨ ਲਾਗੈ॥ ਪ੍ਰਭੁ ਕੈ ਸਿਮਰਨਿ ਅਨਦਿਨੁ ਜਾਗੈ॥ ਪ੍ਰਭੁ ਕੇ ਸਿਮਰਨਿ ਭਉ ਨ ਬਿਆਪੈ॥ ਪ੍ਰਭ ਕੇ ਸਿਮਰਨਿ ਦੁਖੁ ਨਾ ਸੰਤਾਪੈ॥ਪ੍ਰਭ ਕੈ ਸਿਮਰਨਿ ਤ੍ਰਿਸਨਾ ਬੁਝੈ॥ ਪ੍ਰਭੁ ਕੈ ਸਿਮਰਨਿ ਸਭੁ ਕਿਛੁ ਸੁਝੈ॥

ਪ੍ਰਭੂ ਕੇ ਸਿਮਰਨਿ ਮਨ ਕੀ ਮਲੁ ਜਾਇ॥ ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ॥ (ਪੰਨਾ 263)

ਆਤਮਾ ਦੇ ਵਿਕਾਸ ਦੀਆਂ ਅਣਦੇਖੀਆਂ ਤੇ ਔਖੀਆਂ ਮੰਜ਼ਲਾਂ ਵਿਚ ਅਤੇ ਜੀਵਨ ਸੰਗਰਾਮ ਦੇ ਉਨ੍ਹਾਂ

ਲਮ੍ਹਿਆਂ ਵਿਚ ਜਦੋਂ ਕਿ ਰੂਹ ਆਪਣੇ ਨੰਗੇਜ਼ ਵਿਚ ਕਈ ਪ੍ਰਕਾਰ ਦੁੱਖਾਂ ਤੇ ਔਕੜਾਂ ਦਾ ਮੁਕਾਬਲਾ ਕਰਦੀ ਹੈ, ਉਸ ਵੇਲੇ ਇਸ ਸਾਧਨ ਦੁਆਰਾ ਪ੍ਰਾਪਤ ਕੀਤੀ ਸ਼ਕਤੀ ਹੀ ਮਦਦਗਾਰ ਹੋ ਸਕਦੀ ਹੈ:

ਜਹ ਮਾਤ ਪਿਤਾ ਸੁਤ ਮੀਤ ਨਾ ਭਾਈ॥ ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥ ਜਹ ਮਹਾ ਭਇਆਨ ਦੂਤ ਜਮ ਦਲੈ॥ ਤਹਿ ਕੇਵਲ ਨਾਮ ਸੰਗਿ ਤੇਰੈ ਚਲੈ॥ ਜਹ ਮੁਸਕਲ ਹੋਵੈ ਅਤਿ ਭਾਰੀ॥ ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥

ਸਗਲੀ ਸ੍ਰਿਸਟਿ ਕੋ ਰਾਜਾ ਦੁਖੀਆ॥ ਹਰਿ ਕਾ ਨਾਮੁ ਜਪਤ ਹੋਇ ਸੁਖੀਆ॥ ਲਾਖ ਕਰੋਰੀ ਬੰਧੁ ਨ ਪਰੈ॥ ਹਰਿ ਕਾ ਨਾਮੁ ਜਪਤ ਨਿਸਤਰੈ॥ ...

ਜਿਹ ਮਾਰਗਿ ਇਹੁ ਜਾਤ ਇਕੇਲਾ॥ ਤਹ ਹਰਿ ਨਾਮੁ ਸੰਗਿ ਹੋਤ ਸੁਹੇਲਾ॥ ...

ਜਿਹ ਮਾਰਗ ਕੇ ਗਨੇ ਜਾਇ ਨਾ ਕੋਸਾ॥ ਹਰਿ ਕਾ ਨਾਮੁ ਊਹਾ ਸੰਗਿ ਤੋਸਾ॥ ਜਿਹ ਪੈਡੈ ਮਹਾ ਅੰਧ ਗੁਬਾਰਾ॥ ਹਰਿ ਕਾ ਨਾਮੁ ਸੰਗਿ ਉਜੀਆਰਾ॥ ਜਹਾ ਪੰਥਿ ਤੇਰਾ ਕੋ ਨ ਸਿਞਾਨੂ॥ ਹਰਿ ਕਾ ਨਾਮੁ ਤਹ ਨਾਲਿ ਪਛਾਨੂ॥

ਕੀ ਲੱਛਣ ਹਨ ਉਨ੍ਹਾਂ ਦੇ ਜੋ ਨਿਸ਼ਾਨੇ ਤੇ ਪੁੱਜ ਜਾਂਦੇ ਹਨ ਤੇ ਕੀ ਪਛਾਣ ਹੈ ਉਨ੍ਹਾਂ ਮਹਾਂ-ਪੁਰਸ਼ਾਂ ਬ੍ਰਹਮ ਗਿਆਨੀਆਂ ਦੀ, ਜਿਨ੍ਹਾਂ ਦਾ ਸਾਧਨ ਸਫਲ ਹੋਇਆ ਹੈ:

ਮਨਿ ਸਾਚਾ ਮੁਖਿ ਸਾਚਾ ਸੋਇ॥ ਅਵਰੁ ਨ ਪੇਖੈ ਏਕਸੁ ਬਿਨੁ ਕੋਇ॥ ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥ (ਪੰਨਾ 272)

ਬ੍ਰਹਮ ਗਿਆਨੀ ਸਦਾ ਨਿਰਲੇਪ॥ ਜੈਸੇ ਜਲ ਮਹਿ ਕਮਲ ਅਲੇਪ॥ ਬ੍ਰਹਮ ਗਿਆਨੀ ਸਦਾ ਨਿਰਦੋਖ॥ ਜੈਸੇ ਸੂਰੁ ਸਰਬ ਕਉ ਸੋਖ॥ ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ॥ ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ॥ ... (ਪੰਨਾ 272)

ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ॥ ਜੈਸੇ ਮੈਲੁ ਨ ਲਾਗੈ ਜਲਾ॥ ...

ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰੁ ਸਮਾਨਿ॥ ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨ॥ ...

ਬ੍ਰਹਮ ਗਿਆਨੀ ਬੰਧਨ ਤੇ ਮੁਕਤਾ॥ ਬ੍ਰਹਮ ਗਿਆਨੀ ਕੀ ਨਿਰਮਲ ਜੁਗਤਾ॥ ....

ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ॥ ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥ ...(ਪੰਨਾ 272-73)

ਇਹ ਹੈ ਸੁਖਮਨੀ ਸਾਹਿਬ ਦਾ ਉਪਦੇਸ਼ ਅਤੇ ਇਨਫਰਾਦੀ ਤੇ ਸਮਾਜਿਕ ਜੀਵਨ ਦੀ ਸਭ ਤੋਂ ਬੁਨਿਆਦੀ ਗੁੰਝਲ ਦਾ ਹੱਲ। ਇਹ ਹੈ ਆਸ਼ਾਵਾਦੀ ਫਲਸਫਾ ਜੋ ਇਨਸਾਨ ਨੂੰ ਆਪਣੀਆਂ ਹੱਦਾਂ ਤੋਂ ਉੱਚੇ ਟੱਪ ਕੇ ਇਕ ਨਵੀਂ ਦੁਨੀਆਂ ਤੇ ਨਵੀਆਂ ਕੀਮਤਾਂ ਪੈਦਾ ਕਰਨ ਦੀ ਪ੍ਰੇਰਨਾ ਕਰਦਾ ਹੈ। ਇਸ ਸਾਧਨ ਦੁਆਰਾ ਆਦਮੀ ਆਪਣੀ ਨਿਫਰਾਦੀ ਹੈਸੀਅਤ ਵਿਚ ਆਪਣੇ ਆਤਮਾ ਦੀਆਂ ਉੱਚੀਆਂ ਤੋਂ ਉੱਚੀਆਂ ਮੰਜ਼ਿਲਾਂ ਤੇ ਪਹੁੰਚਦਾ ਹੈ ਤੇ ਆਪਣੀ ਸਮਾਜੀ ਹੈਸੀਅਤ ਵਿਚ ਉਸ ਸੋਸ਼ਲ ਨਿਜ਼ਾਮ ਦੀ ਨੀਂਹ ਰੱਖਦਾ ਹੈ ਜਿਸ ਵਿਚੋਂ ਸਰੀਰਕ ਭੁੱਖ ਤੇ ਮਾਨਸਿਕ ਦੁੱਖਾਂ ਦੇ ਤਾਪ ਉੱਡ ਚੁੱਕੇ ਹਨ।

(7) ਸਾਹਿਤ ਤੇ ਕਾਵਿ ਦੇ ਨੁਕਤੇ ਤੋਂ ਸੁਖਮਨੀ ਸਾਹਿਬ ਦੀ ਮਹੱਤਤਾ ਦਾ ਸਭ ਤੋਂ ਵੱਡਾ ਸਬੂਤ ਇਹ ਹੈ ਕਿ ਸਦੀਆਂ ਤੋਂ ਪੰਜਾਬ, ਸਿੰਧ ਅਤੇ ਹੋਰ ਦੇਸ਼ਾਂ ਪ੍ਰਦੇਸ਼ਾਂ ਵਿਚ ਮਰਦ ਤੇ ਇਸਤਰੀਆਂ ਇਸ ਦੇ ਆਤਮਿਕ ਪ੍ਰਭਾਵ ਤੇ ਸੰਗੀਤ ਦੀ ਸਵੱਛਤਾ ਤੋਂ ਠੰਢ ਪ੍ਰਾਪਤ ਕਰਦੇ ਤੇ ਕਰ ਰਹੇ ਹਨ। ਕਿਸੇ ਸਾਹਿਤਕ ਰਚਨਾ ਦੀ ਮਹੱਤਤਾ ਦੀ ਸਭ ਤੋਂ ਅੱਛੀ ਕਸਵੱਟੀ ਇਹ ਕਹੀ ਜਾ ਸਕਦੀ ਹੈ ਕਿ ਉਸ ਰਚਨਾ ਨੂੰ ਪੜ੍ਹ ਕੇ ਪੜ੍ਹਨ ਵਾਲਾ ਮੁੜ ਉਹ ਨਾ ਰਹੇ ਜੋ ਉਹ ਉਸ ਨੂੰ ਪੜ੍ਹਨ ਤੋਂ ਪਹਿਲਾਂ ਸੀ। ਸੁਖਮਨੀ ਸਾਹਿਬ ਦਾ ਸੰਗੀਤ ਪਹਾੜੀ ਚਸ਼ਮੇ ਵਾਂਗ ਨਿਰਮਲ ਤੇ ਸੀਤਲ ਹੈ ਤੇ ਇਸ ਨੂੰ ਇਕ ਵਾਰ ਸਵੇਰ ਵੇਲੇ, ਸਪਰਸ਼ ਕੀਤਿਆਂ ਮਨ ਦੀ ਦਸ਼ਾ ਦਾ ਹਲਾਸ ਉਹ ਹੋ ਜਾਂਦਾ ਹੈ, ਜੋ ਕਿ ਉਨ੍ਹਾਂ ਦੇ ਖਿਆਲ ਵਿਚ ਵੀ ਨਹੀਂ ਆ ਸਕਦਾ, ਜੋ ਆਪਣਾ ਦਿਨ ਧੁੱਪ ਚੜ੍ਹੇ ਉੱਠ ਕੇ ਤੇ ਬਿਸਤਰੇ ਵਿਚ ਹੀ ਚਾਹ ਪੀ ਕੇ ਸ਼ੁਰੂ ਕਰਦੇ ਹਨ। ਉਹ ਅਰਜਨ ਸਾਹਿਬ ਜੀ ਆਪ ਹੀ ਇਸ ਰਚਨਾ ਦੇ ਆਤਮ ਪ੍ਰਭਾਵ ਦੀ ਬਾਬਤ, ਆਖਰੀ ਅਸ਼ਟਪਦੀ ਵਿਚ ਲਿਖਦੇ ਹਨ:

ਜਿਸੁ ਮਨਿ ਬਸੈ ਸੁਨੈ ਲਾਇ ਪ੍ਰੀਤਿ॥ ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥ ਜਨਮ ਮਰਨ ਤਾ ਕਾ ਦੂਖੁ ਨਿਵਾਰੈ॥ ਦੁਲਭ ਦੇਹ ਤਤਕਾਲ ਉਧਾਰੈ॥ ਨਿਰਮਲ ਸੋਭਾ ਅੰਮ੍ਰਿਤ ਤਾ ਕੀ ਬਾਨੀ॥ ਏਕੁ ਨਾਮੁ ਮਨ ਮਾਹਿ ਸਮਾਨੀ॥ ਦੂਖ ਰੋਗ ਬਿਨਸੇ ਭੈ ਭਰਮ॥ ਸਾਧ ਨਾਮ ਨਿਰਮਲ ਤਾ ਕੇ ਕਰਮ॥ ਸਭ ਤੇ ਊਚ ਤਾਂ ਕੀ ਸੋਭਾ ਬਨੀ॥ ਨਾਨਕ ਇਹ ਗੁਣਿ ਨਾਮੁ ਸੁਖਮਨੀ॥

(ਧੰਨਵਾਦ ਸਹਿਤ 'ਵਿਸ਼ਵ ਏਕਤਾ' ਵਿਚੋਂ)

# ਪੰਜਾਬੀ ਲੋਕ ਸੰਗੀਤ ਵਿਰਾਸਤ

## ਡਾ. ਗੁਰਨਾਮ ਸਿੰਘ

ਪੰਜਾਬੀ ਲੋਕ ਸੰਗੀਤ ਵਿਰਾਸਤ ਪੰਜਾਬੀ ਸਭਿਆਚਾਰ ਦੀ ਵਿਸ਼ੇਸ਼ ਕਲਾਤਮਕ ਧਾਰਾ ਹੈ ਜੋ ਪੰਜਾਬੀ ਲੋਕ ਮਨ ਦੀਆਂ ਮੂਲ ਪ੍ਰਵਿਰਤੀਆਂ, ਸੁਹਜ ਚੇਤਨਾ, ਮਾਨਸਿਕ ਸਰੰਚਨਾ ਤੇ ਵਿਕਾਸਗਾਥਾ ਦਾ ਜੀਵਿੰਤ ਪ੍ਰਮਾਣਿਕ ਸਰੋਤ ਹੈ। ਪੰਜਾਬੀ ਲੋਕ ਮਨ ਸੰਗ ਰਮੀ, ਰਸੀ ਇਸ ਸੁਚੀ ਤੇ ਸਜੀਵ ਸੰਗੀਤ ਵਿਰਾਸਤ ਦਾ ਨਿਰੰਤਰ ਪ੍ਰਵਾਹ ਸਦੀਆਂ ਤੋਂ ਹਰ ਪੰਜਾਬੀ ਮਨ ਨੂੰ ਠਾਰਦਾ ਆ ਰਿਹਾ ਹੈ। ਪੰਜਾਬੀ ਸਭਿਆਚਾਰ ਦੀ ਇਸ ਵਿਸ਼ਾਲ, ਵੰਨ ਸੁਵੰਨੀ ਅਤੇ ਅਖੁੱਟ ਸੰਗੀਤ ਵਿਰਾਸਤ ਨੇ ਜਿੱਥੇ ਵਿਸ਼ਵ ਦੀਆਂ ਲੋਕ ਸੰਗੀਤ ਪਰੰਪਰਾਵਾਂ ਵਿਚ ਆਪਣੀ ਨਿਵੇਕਲੀ ਥਾਂ ਬਣਾਈ ਹੈ ਉਥੇ ਇਸ ਨੇ ਹਿੰਦੁਸਤਾਨੀ ਸੰਗੀਤ ਅਤੇ ਇਸ ਦੀ ਸ਼ਾਸਤਰੀ ਪਰੰਪਰਾ ਨੂੰ ਆਪਣੀ ਅਨਮੋਲ ਸੰਗੀਤ ਨਿਧੀ ਦੁਆਰਾ ਮਾਲਾਮਾਲ ਵੀ ਕੀਤਾ ਹੈ। ਪੰਜਾਬੀ ਲੋਕ ਸੰਗੀਤ ਪੰਜਾਬੀ ਲੋਕ ਮਨ ਦੇ ਚੇਤਨ, ਅਵਚੇਤਨ ਦਾ ਸਰੋਦੀ ਪ੍ਰਗਟਾਅ ਹੈ ਜਿਸ ਤੋਂ ਬਿਨਾਂ ਪੰਜਾਬੀ ਸਭਿਆਚਾਰ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਪੰਜਾਬੀ ਲੋਕ ਜੀਵਨ ਵਿਚ ਜਨਮ ਦੇ ਗੀਤਾਂ, ਲੋਰੀਆਂ ਤੋਂ ਲੈ ਕੇ ਅੰਤਲੇ ਸਮੇਂ ਉੱਤੇ ਅਲਾਈਆਂ ਜਾਣ ਵਾਲੀਆਂ ਅਲਾਹੁਣੀਆਂ ਤੇ ਵੈਣ, ਪੰਜਾਬੀ ਲੋਕ ਮਨ ਦੇ ਅਨੇਕ ਪਰਤੀ ਉਦਗਾਰਾਂ ਤੇ ਭਾਵਾਂ ਨੂੰ ਪੰਜਾਬੀ ਲੋਕ ਸੰਗੀਤ ਦੇ ਵਿਵਿਧ ਰੂਪਾਂ ਦੁਆਰਾ ਮੂਰਤੀਮਾਨ ਕਰਦੀ ਹੈ। ਪੰਜਾਬੀ ਲੋਕ ਸੰਗੀਤ ਨੇ ਮੌਲਿਕ ਤੇ ਨਿਵੇਕਲੀਆਂ ਸੁਰਾਵਲੀਆਂ, ਤਾਲ ਲਹਿਰੀਆਂ, ਗਾਇਨ ਦੇ ਨਿਬੱਧ ਅਨਿਬੱਧ ਰੂਪਾਂ, ਧੁਨਾਂ, ਸਾਜ਼ਾਂ ਆਦਿ ਦੇ ਵਿਸ਼ਾਲ ਸਰਮਾਏ ਦੁਆਰਾ ਸਮੁੱਚੀ ਭਾਰਤੀ ਤੇ ਵਿਸ਼ਵ ਸੰਗੀਤ ਵਿਚ ਇਕ ਵਿਲੱਖਣ ਪਛਾਣ ਬਣਾਈ ਹੈ। ਹਿੰਦੁਸਤਾਨੀ ਸੰਗੀਤ ਵਿਚ ਪੰਜਾਬੀ ਸੰਗੀਤ ਦੀ ਮੌਲਿਕਤਾ ਵਿਚੋਂ ਹੀ ਉਗਮਿਆ ਹੈ। ਇਸ ਦੇ ਨਾਲ ਹੀ ਪੰਜਾਬੀ ਲੋਕ ਸੰਗੀਤ ਵਿਰਾਸਤ ਨੇ ਗੁਰਮਤਿ ਸੰਗੀਤ ਤੇ ਸੂਫੀ ਸੰਗੀਤ ਵਰਗੀਆਂ ਗੌਰਵਸ਼ਾਲੀ ਪੰਜਾਬੀ ਸੰਗੀਤ ਪਰੰਪਰਾਵਾਂ ਨੂੰ ਵਿਕਸਿਤ ਤੇ ਸਰੂਪਤ ਕਰਨ ਵਿਚ ਵੀ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਪੰਜਾਬੀ ਲੋਕ ਸੰਗੀਤ ਪੁਰਾਤਨ, ਵਿਸ਼ਾਲ ਸਮਰਿਧ, ਮੌਲਿਕ ਤੇ ਵਿਲੱਖਣ ਪਛਾਣ ਰੱਖਦਿਆਂ ਵੀ ਸਭਿਆਚਾਰ ਵਿਗਿਆਨੀਆਂ ਤੇ ਸੰਗੀਤ ਵਿਗਿਆਨੀਆਂ ਦੇ ਸੁਤੰਤਰ ਅਧਿਐਨ ਦਾ ਵਿਸ਼ਾ ਨਹੀਂ ਬਣ ਸਕਿਆ। ਫਲਸਰੂਪ ਇਸ ਵਿਸ਼ਾਲ ਪਰੰਪਰਾ ਦੀ ਵਿਵਿਧ ਰੂਪਾਂ ਦੀ ਸਿਲਸਿਲੇਵਾਰ ਨਿਸ਼ਾਨਦੇਹੀ ਸੰਭਵ ਨਹੀਂ ਹੋ ਸਕੀ।

×××××

ਪੰਜਾਬੀਆਂ ਦੀਆਂ ਅਨੇਕ ਪੀੜ੍ਹੀਆਂ ਨੇ ਪੰਜਾਬੀ ਲੋਕ ਸੰਗੀਤ ਵਿਰਾਸਤ ਨੂੰ ਵਿਵਹਾਰਕ ਰੂਪ ਵਿਚ ਸੰਜੋਇਆ ਹੈ। ਨਿਤਾਪ੍ਰਤੀ ਦੇ ਕਾਰਵਿਹਾਰ ਕਰਦਿਆਂ ਗੀਤ ਸੰਗੀਤ ਦੀਆਂ ਅਨੇਕ ਰਚਨਾਵਾਂ ਦੇ ਬੋਲ, ਸੁਰ, ਤਾਲ, ਸਹਿਜ ਸੁਭਾਵਿਕ ਰੂਪ ਵਿਚ ਵਿਸ਼ੇਸ਼ ਕਿਸਮ ਦੇ ਸੰਗੀਤਕ ਰੂਪ ਵਜੋਂ ਸਰੂਪਿਤ ਹੁੰਦੇ ਹਨ, ਜਿਨ੍ਹਾਂ ਦਾ ਪੇਸ਼ਕਾਰੀ ਦੇ ਪੱਧਰ ਤੇ ਵਾਰ ਵਾਰ ਗਾਇਨ ਇਨਾਂ ਨੂੰ ਸ਼ੈਲੀਗਤ ਵਿਸ਼ਸ਼ਟਤਾ ਪ੍ਰਦਾਨ ਕਰਵਾਉਂਦਾ ਰਿਹਾ ਹੈ। ਵਾਹੁਦਿਆਂ, ਬੀਜਦਿਆਂ, ਗੁਡਦਿਆਂ, ਖੂਹ ਦੀ ਟਿਕ ਟਿਕ, ਰੀਂ ਰੀਂ, ਗੱਡੇ ਦੀ ਚੀਂ ਚੀਂ, ਬਲਦਾਂ ਦੀਆਂ ਟੱਲੀਆਂ, ਖੇਤਾਂ ਦਾ ਦੂਰ ਦੂਰ ਤਕ ਪਾਸਾਰਾ, ਪ੍ਰਕਿਰਤੀ ਦੇ ਭਰਪੂਰ ਕਲਾਵੇ ਵਿਚ ਤੇ ਹੋਰ ਨਿੱਕੇ ਮੋਟੇ ਕੰਮ ਧੰਦੇ ਕਰਦਿਆਂ ਉਤਪੰਨ ਹੋਣ ਵਾਲੀਆਂ ਧੁਨੀ, ਲੈਅ ਪੈਟਰਨ ਤੇ ਅਨੇਕ ਮੁਦਰਾਵਾਂ ਪੰਜਾਬੀ ਮਰਦਾਂ ਦੇ ਗੀਤਾਂ ਦੀਆਂ ਧੁਨਾਂ ਤੇ ਨਾਚਾਂ ਵਿਚ ਜੀਵਿੰਤ ਰੂਪ ਗ੍ਰਹਿਣ ਕਰਦੇ ਹਨ, ਜੋ ਪੰਜਾਬੀ ਲੋਕ ਮਨ ਦੀ ਕੈਨਵਾਸ ਤੇ ਚਿੱਤਰੇ ਤੇ ਉੱਕਰੇ ਸੰਗੀਤਕ ਨਕਸ਼ ਹਨ। ਢਾਣੀਆਂ, ਅਖਾੜਿਆਂ, ਛਿੰਝਾਂ, ਮੇਲਿਆਂ ਉੱਤੇ ਵਿਸ਼ੇਸ਼ ਲੋਕ ਸੰਗੀਤ ਪੇਸ਼ਕਾਰੀਆਂ ਦੌਰਾਨ ਸ਼ੈਲੀਗਤ ਵਿਵਿਧਤਾ ਸਹਿਤ ਪਛਾਣ ਗ੍ਰਹਿਣ ਕਰਦੇ ਆ ਰਹੇ ਹਨ। ਪੰਜਾਬੀ ਮਰਦਾਂ ਵਾਂਗ ਪੰਜਾਬੀ ਔਰਤਾਂ ਦੇ ਕੰਠਾਂ ਤੇ ਬੁੱਲ੍ਹਾਂ

ਉੱਤੇ ਨਿੱਕੇ ਮੋਟੇ ਕੰਮ ਧੰਦੇ ਕਰਦਿਆਂ ਸਹਿਜ ਸੁਭਾਵਿਕ ਰੂਪ ਵਿਚ ਹੀ ਅਨੇਕ ਗੀਤ ਥਿਰਕਦੇ ਤੇ ਮਚਲਦੇ ਰਹਿੰਦੇ ਹਨ। ਪੰਜਾਬਣ ਔਰਤ ਤ੍ਰਿੰਞਣਾਂ, ਤੀਆਂ ਅਤੇ ਵੱਖ ਵੱਖ ਅਵਸਰਾਂ ਉੱਤੇ ਨੱਚਦੀ, ਗਾਉਂਦੀ ਮੁਕਤ ਮਨ ਨਾਲ ਆਪਣੇ ਅੰਤਰੀਵੀਂ ਭਾਵਾਂ ਦਾ ਅੰਬਾਰ ਲਾ ਦਿੰਦੀ ਹੈ। ਜੰਮਣੇ, ਵਿਆਹ ਸ਼ਾਦੀ ਅਤੇ ਮਰਨੇ ਪਰਨੇ ਦਾ ਬਹੁ ਭਾਂਤੀ ਸੰਗੀਤ ਵੀ ਔਰਤਾਂ ਦੇ ਗੀਤਾਂ ਦੁਆਰਾ ਸਮੂਰਿਤ ਹੁੰਦਾ ਹੈ। ਔਰਤਾਂ ਦੇ ਗੀਤਾਂ ਵਿਚ ਜਿੱਥੇ ਸਹਿਜ ਤੇ ਮਿਠਾਸ ਹੈ ਉਥੇ ਜਦੋਂ ਕਿਤੇ ਇਕੱਠੀਆਂ ਹੋ ਔਰਤਾਂ ਆਪਣੇ ਮਨੋ ਭਾਵਾਂ ਨੂੰ ਗੀਤਾਂ ਦੁਆਰਾ ਵਿਅਕਤ ਕਰਦੀਆਂ ਹਨ ਤਾਂ ਇਨ੍ਹਾਂ ਵਿਚ ਲੋਹੜੇ ਦੀ ਰਵਾਨਗੀ ਤੇ ਅੰਤਾਂ ਦਾ ਭਾਵ ਸੰਚਾਰ ਠਾਠਾਂ ਮਾਰਦਾ ਹੈ।

ਪੰਜਾਬੀ ਲੋਕ ਸੰਗੀਤ ਵਿਰਾਸਤ ਦੀਆਂ ਵੱਖ ਵੱਖ ਸੰਗੀਤ ਰਚਨਾਵਾਂ ਮੂਲ ਰੂਪ ਵਿਚ ਭਾਵੇਂ ਅਗਿਆਤ ਵਿਅਕਤੀ ਵਿਸ਼ੇਸ਼ ਦੀਆਂ ਮੌਲਿਕ ਰਚਨਾਵਾਂ ਵਜੋਂ ਜਨਮ ਲੈਂਦੀਆਂ ਹਨ ਪਰ ਪੰਜਾਬੀਆਂ ਦੇ ਪੀੜ੍ਹੀ ਦਰ ਪੀੜ੍ਹੀ ਇਹਨਾਂ ਦੇ ਸਹਿਜ ਸੁਭਾਵਿਕ ਰਿਆਜ਼, ਸਿਲਖਾਈ ਅਤੇ ਸਰਬ ਪ੍ਰਵਾਣਿਕਤਾ ਦੇ ਰੂਪ ਵਿਚ ਲੋਕ ਮਨ ਨਾਲ ਇਕ ਚਿੱਤ, ਇਕ ਸੁਰ ਹੋ ਨਿਸ਼ਚਿਤ ਤੇ ਨਿਰਧਾਰਿਤ ਰੂਪ ਗ੍ਰਹਿਣ ਕਰ ਲੈਂਦੀਆਂ ਹਨ। ਇਹਨਾਂ ਰਚਨਾਵਾਂ ਦੇ ਸੁਨਿਸ਼ਚਿਤ, ਤਰਾਸ਼ੇ, ਸੰਵਰੇ ਰੂਪ ਲੋਕ ਸਿਮ੍ਰਤੀਆਂ ਵਿਚ ਸਦੀਵੀ ਰੂਪ ਗ੍ਰਹਿਣ ਕਰ ਲੈਂਦੇ ਹਨ। ਲੋਕਗੀਤਾਂ ਦੇ ਬੋਲ ਆਪਣੇ ਅੰਤਰੀਵੀ ਭਾਵ ਤੇ ਵੇਦਨਾ ਕਰਕੇ ਲੋਕ ਮਨ ਨੂੰ ਕੀਲ ਲੈਂਦੇ ਹਨ। ਪੰਜਾਬੀ ਕੰਠਾਂ ਅਤੇ ਪੰਜਾਬੀ ਲੋਕ ਸਾਜ਼ਾਂ ਤੋਂ ਉਤਪੰਨ ਹੋਣ ਵਾਲੀਆਂ ਸੁਰਾਵਲੀਆਂ ਤੇ ਤਾਲ ਲਹਿਰੀਆਂ ਪੰਜਾਬੀ ਲੋਕ ਮਨ ਦੇ ਚੇਤਨ ਅਵਚੇਤਨ ਵਿਚ ਆਪਣੀ ਮੌਲਿਕ ਪਛਾਣ ਨੂੰ ਉਦੀਪਨ ਕਰਨ ਦੇ ਸਮਰੱਥ ਹਨ, ਇਹੀ ਕਾਰਨ ਹੈ ਕਿ ਕਈ ਵਾਰ ਬੋਲਾਂ ਤੋਂ ਬਿਨਾਂ ਪੰਜਾਬੀ ਲੋਕ ਗੀਤਾਂ ਦੀਆਂ ਧੁਨਾਂ, ਭਿੰਨ ਭਿੰਨ ਤਾਲ ਤੇ ਲੈਅ ਪੈਟਰਨ ਮਨ ਨੂੰ ਧੂਹ ਪਾਉਂਦੇ, ਮੰਤਰ ਮੁਗਧ ਕਰ ਲੈਂਦੇ ਹਨ। ਪੰਜਾਬੀ ਲੋਕ ਸੰਗੀਤ ਵਿਰਾਸਤ ਦੀ ਇਸ ਵਡਿਆਈ ਨੂੰ ਪੰਜਾਬੀ ਲੋਕ ਗੀਤਾਂ, ਲੋਕ ਧੁਨਾਂ ਦੇ ਸੁਰ ਤੇ ਤਾਲ ਵਿਧਾਨ ਦੀ ਸੰਯੁਕਤ ਤੇ ਸੰਮਿਲਤ ਵਿਵਹਾਰਕ ਪ੍ਰਕਿਰਿਆ ਦੇ ਸੰਦਰਭ ਵਿਚ ਵੀ ਪਛਾਣਿਆ ਜਾ ਸਕਦਾ ਹੈ।

ਪੰਜਾਬੀ ਸਭਿਆਚਾਰ ਦੇ ਅਧਿਐਨਕਾਰਾਂ ਨੇ ਲੋਕ ਸਾਹਿਤ ਦਾ ਅਧਿਐਨ ਕਰਦਿਆਂ ਲੋਕ ਗੀਤਾਂ ਦੇ ਸੰਗ੍ਰਹਿਾਂ ਸਮੇਂ ਕੇਵਲ ਬੋਲਾਂ ਦੇ ਕਾਵਿਕ ਪੱਖ ਨੂੰ ਹੀ ਸੰਭਾਲਣ ਦਾ ਉਪਰਾਲਾ ਕੀਤਾ ਹੈ, ਜਿਸ ਨਾਲ ਇਨ੍ਹਾਂ ਗੀਤਾਂ ਦੀ ਵਿਸ਼ਾਲ ਸੰਗੀਤ ਨਿਧੀ ਗੌਣ ਹੋ ਕੇ ਰਹਿ ਗਈ ਹੈ। ਪੁਸਤਕਾਂ ਦੇ ਪੰਨਿਆਂ ਉੱਤੇ ਨਿਰਜਿੰਦ ਤੇ ਖਾਮੋਸ਼ ਇਹਨਾਂ ਗੀਤਾਂ ਦੀ ਬਾਤ ਪਾਉਂਦਿਆਂ ਅਧਿਐਨਕਾਰਾਂ ਨੇ ਬੋਲ ਤੇ ਧੁਨ ਦੇ ਮਹੱਤਵ ਨੂੰ ਪਛਾਣਿਆ ਤਾਂ ਹੈ ਪਰ ਇਨਾਂ ਦੀ ਇੱਕਮਿੱਕਤਾ, ਇੱਕਸੁਰਤਾ ਤੇ ਸਭਿਆਚਾਰਕ ਦ੍ਰਿਸ਼ਟੀਕੋਣ ਹੀ ਹੋ ਸਕਦਾ ਹੈ, ਜਿਸ ਵਿਚੋਂ ਸੰਗੀਤਕ ਤੱਤਾਂ ਦੀ ਸੂਖਮ ਸੂਝ ਤੇ ਪਛਾਣ ਦੀ ਅਣਹੋਂਦ ਨੇ ਸਮੁੱਚ ਵਿਚ ਪੰਜਾਬੀ ਲੋਕ ਸੰਗੀਤ ਵਿਰਾਸਤ ਦੀ ਇਹ ਮੌਲਿਕ ਵਿਸ਼ਸ਼ਟਤਾ ਉਜਾਗਰ ਨਹੀਂ ਕੀਤੀ। ਇਸ ਤਰ੍ਹਾਂ ਪੰਜਾਬੀ ਲੋਕ ਸੰਗੀਤ ਵਿਰਾਸਤ ਨੂੰ ਇਸ ਦੇ ਸਮੁੱਚ ਵਿਚ ਪਛਾਣ ਕੇ ਅਧਿਐਨ ਤੇ ਵਿਸ਼ਲੇਸ਼ਣ ਦਾ ਵਿਸ਼ਾ ਬਣਾਇਆ ਜਾਣਾ ਜ਼ਰੂਰੀ ਹੈ। ਪੰਜਾਬੀ ਲੋਕ ਸੰਗੀਤ ਵਿਰਾਸਤ ਵਿਚ ਗਾਇਨ, ਵਾਦਨ ਤੇ ਨ੍ਰਿਤ ਦਾ ਸਮੁੱਚਾ ਸੰਗੀਤ ਆਪਣੇ ਅਨੇਕ ਗੀਤਾਂ, ਧੁਨਾਂ, ਤਾਲਾਂ, ਸਾਜ਼ਾਂ ਸਹਿਤ ਰੂਪਮਾਨ ਹੁੰਦਾ ਹੈ। ਵੱਖ ਵੱਖ ਸਮਿਆਂ ਉੱਤੇ ਇਨਾਂ ਦੀ ਵਿਅਕਤੀਗਤ ਅਤੇ ਸਮੂਹਿਕ ਪੇਸ਼ਕਾਰੀਆਂ ਨੂੰ ਮਿਲੀ ਲੋਕ ਪ੍ਰਵਾਣਤਾ ਨੇ ਪ੍ਰਮਾਣਿਕ ਰੂਪ ਪ੍ਰਦਾਨ ਕਰਵਾਇਆ। ਪੇਸ਼ਕਾਰੀਆਂ ਦੇ ਸੁਅਵਸਰ ਮਿਥਣ ਤੇ ਘੜਨ ਦੇ ਨਾਲ ਨਾਲ ਇਸ ਦੇ ਪ੍ਰਸਤੁਤਕਾਰਾਂ ਨੂੰ ਮਿਲੀ ਵਡਿਆਈ ਤੇ ਮੌਲਿਕ ਵਿਸ਼ੇਸ਼ਤਾ ਦੇ ਫਲਸਰੂਪ ਲੋਕ ਸੰਗੀਤ ਦੇ ਕਸਬੀ ਕਲਾਕਾਰ ਵੀ ਪੰਜਾਬੀ ਸਭਿਆਚਾਰ ਵਿਚ ਪਛਾਣੇ ਜਾਣ ਲੱਗੇ। ਸਿੱਟੇ ਵਜੋਂ ਅੱਜ ਸਾਡੇ ਕੋਲ ਪੰਜਾਬੀ ਲੋਕ ਸੰਗੀਤ ਵਿਰਾਸਤ ਦੇ ਪ੍ਰਸਤੁਤਕਾਰਾਂ ਦੀਆਂ ਕਈ ਸੰਗੀਤ ਪਰੰਪਰਾਵਾਂ ਸਦੀਆਂ ਦਾ ਸਫਰ ਤੈਅ ਕਰਕੇ ਸਾਡੇ ਤੱਕ ਪਹੁੰਚੀਆਂ ਹਨ। ਇਹਨਾਂ ਲੋਕ ਸੰਗੀਤਕਾਰਾਂ ਦੀਆਂ ਕਈ ਕਈ ਪੀੜ੍ਹੀਆਂ ਤੇ ਘਰਾਣੇ ਇਸ ਸੰਗੀਤਕ ਨਿਧੀ ਨੂੰ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਲਈ ਨਿਰੰਤਰ ਕਾਰਜ਼ਸ਼ੀਲ ਹਨ।

ਪੰਜਾਬੀ ਲੋਕ ਸੰਗੀਤ ਵਿਰਾਸਤ ਦੇ ਵਿਸ਼ਾਲ ਪਸਾਰੇ ਨੂੰ ਸਮਝਣ ਲਈ ਇਸ ਨੂੰ ਗਾਇਨ, ਵਾਦਨ ਅਤੇ ਨ੍ਰਿਤ ਦੀ ਦ੍ਰਿਸ਼ਟੀ ਤੋਂ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ। ਭਾਰਤੀ ਸੰਗੀਤ ਵਿਚ ਗਾਇਨ ਵਾਦਨ ਅਤੇ ਨ੍ਰਿਤ ਦੇ ਸਮੂਹ ਨੂੰ ਸੰਗੀਤ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਰਿਹਾ ਹੈ ਭਾਵੇਂ ਕਿ ਵਰਤਮਾਨ ਸਮੇਂ ਇਹ ਤਿੰਨੇ ਸੰਗੀਤ ਪਰੰਪਰਾਵਾਂ ਸੁਤੰਤਰ ਰੂਪ ਵਿਚ ਵਿਕਸਿਤ ਹੋ ਚੁੱਕੀਆਂ ਹਨ ਪਰੰਤੂ ਪੰਜਾਬੀ ਲੋਕ ਸੰਗੀਤ ਵਿਰਾਸਤ ਦੇ ਸੰਦਰਭ ਵਿਚ ਗਾਇਨ,

ਵਾਦਨ ਅਤੇ ਨ੍ਰਿਤ ਦਾ ਅੰਤਰ ਸੰਬੰਧ ਅਜੇ ਵੀ ਨਜ਼ਰੀਂ ਆਉਂਦਾ ਹੈ। ਫਿਰ ਵੀ ਅਧਿਐਨ ਤੇ ਵਿਸ਼ਲੇਸ਼ਣ ਦੀ ਸਹੂਲਤ ਲਈ ਬਿਨਾਂ ਤਿੰਨੇ ਪਰੰਪਰਾਵਾਂ ਦੇ ਸੰਗੀਤ ਵਿਧਾਨ ਨੂੰ ਵੱਖੋ ਵੱਖਰੇ ਤੌਰ 'ਤੇ ਵਿਚਾਰਨਾ ਹੀ ਉਚਿਤ ਰਹੇਗਾ।

ਪੰਜਾਬੀ ਲੋਕ ਸੰਗੀਤ ਵਿਰਾਸਤ ਵਿਚ ਲੋਕ ਗਾਇਕੀ ਦੀ ਪ੍ਰਧਾਨਤਾ ਹੈ। ਲੋਕ ਸਾਜ਼ਾਂ ਉੱਤੇ ਵਾਦਨ ਇਸ ਲੋਕ ਗਾਇਕੀ ਦੀ ਸਹਾਇਕ ਰੂਪ ਵਿਚ ਅਨੁਕਰਣ ਹੀ ਕਰਦਾ ਹੈ ਅਤੇ ਆਪੋ ਆਪਣੇ ਸੁਰਾਤਮਕ ਤੇ ਤਾਲਾਤਮਕ ਸਮਰੱਥ ਗੁਣਾਂ ਨਾਲ ਸ਼ਿੰਗਾਰਦਾ ਵੀ ਹੈ। ਲੋਕ ਨਾਚਾਂ ਦੀਆਂ ਮੁਦਰਾਵਾਂ ਵੀ ਮੂਲ ਤੌਰ 'ਤੇ ਲੋਕ ਗੀਤਾਂ ਤੇ ਲੋਕ ਕਥਾਵਾਂ ਉੱਤੇ ਆਧਾਰਿਤ ਹੁੰਦੀਆਂ ਹਨ। ਇਸ ਤਰ੍ਹਾਂ ਸਮੁੱਚੀ ਪੰਜਾਬੀ ਲੋਕ ਸੰਗੀਤ ਵਿਰਾਸਤ ਦੀ ਕੇਂਦਰੀ ਧਾਰਾ ਇਸ ਦੀ ਗਾਇਨ ਸਮੱਗਰੀ ਉੱਤੇ ਹੀ ਆਧਾਰਤ ਹੈ। ਇਹ ਗਾਇਨ ਸਮੱਗਰੀ ਪੰਜਾਬੀ ਜਨ ਜੀਵਨ ਨਾਲ ਸੰਬੰਧਤ ਵੱਖ ਵੱਖ ਪੰਜਾਬੀ ਲੋਕ ਗੀਤਾਂ ਦੀ ਪ੍ਰਸਤੂਤੀ ਲਈ ਸਹਿਜ ਰੂਪ ਵਿਚ ਨਿਰਮਤ ਹੁੰਦੀ ਹੈ ਅਤੇ ਇਨਾਂ ਦੀ ਪ੍ਰਸਤੁਤੀ ਤੇ ਵਿਸ਼ੇਸ਼ੇ ਅੰਦਾਜ਼ ਨੂੰ ਅਸੀਂ ਲੋਕ ਗਾਇਕੀ ਵਜੋਂ ਪਛਾਣਦੇ ਹਾਂ। ਇਹ ਪੰਜਾਬੀ ਲੋਕ ਗੀਤ ਪੰਜਾਬੀ ਜੀਵਨ ਦੇ ਸਮੂਹ ਅਵਸਰਾਂ ਸੰਬੰਧੀ ਪੰਜਾਬੀ ਲੋਕ ਮਨ ਦੇ ਉਦਗਾਰਾਂ ਤੇ ਭਾਵਾਂ ਦੀ ਅਭਿਵਿਅਕਤੀ ਵਜੋਂ ਸਰੂਪਿਤ ਹੁੰਦੇ ਹਨ, ਜਿਸ ਵਿਚ ਬਾਲ ਦੇ ਜਨਮ ਸਮੇਂ ਦੇ ਗੀਤ, ਲੋਰੀਆਂ, ਤ੍ਰਿਵਣ ਦੇ ਗੀਤ, ਤੀਆਂ ਦੇ ਗੀਤ, ਘੋੜੀਆਂ, ਸੁਹਾਗ, ਛੰਦ, ਸੋਹਲੇ, ਸਿੱਠਣੀਆਂ, ਵੈਣ, ਕੀਰਨੇ, ਪਹਿਰੇ, ਅਲਹੁਣੀਆਂ, ਬਾਰਾਂਮਾਹ, ਸਤਵਾਰਾ, ਸੱਦ, ਬੋਲੀਆਂ, ਢੋਲਾ, ਮਾਹੀਆ, ਟੱਪੇ ਆਦਿ ਸ਼ਾਮਿਲ ਹਨ। ਉਕਤ ਵਿਸ਼ਿਆਂ ਨਾਲ ਸੰਬੰਧਿਤ ਪੰਜਾਬੀ ਲੋਕ ਗੀਤ ਪੰਜਾਬੀ ਇਸਤਰੀਆਂ, ਮਰਦਾਂ ਦੁਆਰਾ ਪੰਜਾਬੀ ਜਨ ਜੀਵਨ ਵਿਚ ਆਮ ਗਾਏ ਜਾਂਦੇ ਹਨ। ਇਸ ਤੋਂ ਬਿਨਾਂ ਸੱਥਾਂ, ਅਖਾੜਿਆਂ, ਮੇਲਿਆਂ, ਮੁਸਾਬਿਆਂ ਉੱਤੇ ਪੰਜਾਬੀ ਆਪਣੇ ਲੋਕ ਨਾਇਕਾਂ, ਵੀਰਾਂ, ਯੋਧਿਆਂ ਸੰਬੰਧੀ ਲੋਕ ਗੀਤਾਂ, ਗਾਥਾਵਾਂ ਕਿੱਸਿਆਂ ਅਤੇ ਵਾਰਾਂ ਆਦਿ ਦਾ ਗਾਇਨ ਕਰਦੇ ਹਨ।

ਕਵੀਸ਼ਰ ਦੇ ਪ੍ਰਸੰਗ ਵਿਚ : ਦਹੂਦ, ਦਰੋਪਦੀ ਦਾ ਕਿੱਸਾ, ਕੌਲਾਂ, ਅਨਿਰੁਧ, ਉਖਾਂ, ਜਾਨੀ, ਚੋਰ, ਰਾਜਾ ਨਲ, ਦਮਯੰਤੀ, ਮਹਾਂਭਾਰਤ, ਚੰਦਰਾਵਤੀ, ਸੇਹਰਾ, ਪ੍ਰਹਲਾਦ, ਰਾਜਾ ਹਰੀਸ਼ ਚੰਦਰ, ਪ੍ਰਿਥੀ ਸਿੰਘ ਰਾਠੌਰ, ਉਦੈ ਸਿੰਘ ਰਾਠੌਰ, ਦੇਸ਼ ਭਗਤਾਂ ਦੇ ਕਾਰਨਾਮੇ, ਸਿੱਖ ਇਤਿਹਾਸ।

ਢਾਡੀ : ਹੀਰ, ਮਿਰਜ਼ਾ, ਦੁੱਲਾ, ਪੂਰਨ, ਕੀਮਾ, ਮਲਕੀ, ਸੱਸੀ, ਸਿੱਖ ਢਾਡੀ, ਗੁਰੂ ਤੇਗ ਬਹਾਦਰ ਜੀ, ਗੁਰੂ ਗੋਬਿੰਦ ਸਿੰਘ ਜੀ ਅਤੇ ਸਿੱਖ ਯੋਧਿਆਂ ਦੀਆਂ ਵਾਰਾਂ

ਤੂੰਬੇ ਤਾਰੇ ਵਾਲੇ ਗਾਇਕ : ਹੀਰ, ਮਿਰਜ਼ਾ ਸਾਹਿਬਾ, ਕੌਲਾ, ਸੋਹਣੀ, ਪੂਰਨ, ਤਾਰਾ ਰਾਣੀ

ਕਿੰਗ/ਤੂੰਬੀ ਗਾਇਕ : ਹੀਰ, ਸੋਹਣੀ, ਸੱਸੀ, ਮਿਰਜ਼ਾ, ਜੈਮਲ ਫੱਤਾ, ਢੋਲ ਸੰਮੀ, ਖਲਕ ਸ਼ੇਰ, ਗੌਂਸਪਾਕ ਪੀਰ, ਰਾਜਾ ਗੋਪੀ ਚੰਦ, ਦਹੂਦ ਬਾਦਸ਼ਾਹ, ਜੁਗਨੀ, ਹਿੰਦੂਆ, ਰੋਡ ਜਲਾਲੀ, ਮਾਹੀਆ, ਟੱਪੇ ਬੋਲੀਆਂ, ਰਾਜਾ ਰਸਾਲੂ ਪੀਰ ਹਰਨੀ ਆਦਿ ਦਾ ਮਿਸਾਲੀ ਤੇ ਮਿਆਰੀ ਗਾਇਨ ਕਰਦੇ ਹਨ। (ਚਲਦਾ)

ਧੰਨਵਾਦ ਸਹਿਤ (ਪੰਜਾਬੀ ਲੋਕ ਸੰਗੀਤ ਵਿਰਾਸਤ) ਪੁਸਤਕ ਵਿਚੋਂ


**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ਰਾਗ ਅਤੇ ਰੁੱਤ

## ਕਰਮ ਸਿੰਘ ਰਤਨ

ਰਾਗ ਰੁੱਤ ਦੇ ਪਿਛਲੇ ਲੇਖ ਵਿਚ ਅਸੀਂ ਲਿਖਿਆ ਸੀ ਕਿ ਸਭ ਰਾਗਾਂ ਵਿਚ ਸਭ ਤੋਂ ਵੱਡਾ ਰਾਗ ਸ੍ਰੀ ਰਾਗ ਹੈ, ਜਿਸ ਨੂੰ ਰਾਗਾਂ ਦਾ ਰਾਜਾ ਜਾਂ ਰਾਸ਼ਟਰਪਤੀ ਮੰਨਿਆ ਜਾਂਦਾ ਹੈ ਅਤੇ ਹਿੰਦੁਸਤਾਨੀ ਸੰਸਕ੍ਰਿਤੀ ਅਨੁਸਾਰ ਭਗਵਾਨ ਵਿਸ਼ਨੂੰ ਨੂੰ ਹੀ ਸ੍ਰੀ ਹਰੀ ਕਹਿ ਕੇ ਸਤਿਕਾਰਿਆ ਜਾਂਦਾ ਹੈ ਅਤੇ ਲਿਖ ਦਿੱਤਾ ਕਿ (ਰਾਗਾਂ ਵਿਚ ਸ੍ਰੀ ਰਾਗ ਹੈ) ਅਤੇ ਸਭ ਮਿਲ ਸ੍ਰੀ ਰਾਗ ਹੈ ਗਾਵਹਿ)

ਭਗਵਾਨ ਵਿਸ਼ਨੂੰ ਜੀ ਦੀ ਧੁੰਨੀ ਤੋਂ ਪੈਦਾ ਹੋਏ ਬ੍ਰਹਮਾ ਜੀ ਜਿਸ ਬਾਰੇ ਗੁਰੂ ਨਾਨਕ ਦੇਵ ਜੀ ਰਾਗ ਗੂਜਰੀ ਵਿਚ ਫੁਰਮਾਨ ਕਰਦੇ ਹਨ (ਨਾਭਿ ਕਮਲ ਤੇ ਬ੍ਰਹਮਾ ਉਪਜੇ, ਬੇਦ ਪੜ੍ਹੇ ਮੁੱਖ ਕੰਠ ਸਵਾਰਿ) ਪੰਨਾ 489, ਸੋ ਇਸ ਹਿਸਾਬ ਨਾਲ ਛੇ ਦੇਵਤਿਆਂ ਵਿਚੋਂ ਅਤੇ ਛੇ ਰਾਗਾਂ ਵਿਚੋਂ ਬ੍ਰਹਮ ਦੇਵ ਜੀ, ਰਾਗ ਹਿੰਡੋਲ ਦਾ ਦੂਜਾ ਸਥਾਨ ਹੈ ਅਤੇ ਨਾਦ ਬਿਨੋਦ ਸੰਗੀਤ ਗ੍ਰੰਥ ਵਿਚ ਰਾਗ ਹਿੰਡੋਲ ਨੂੰ ਰੂਪ ਮਾਨ ਕਰਨ ਲਈ ਬ੍ਰਹਮਾ ਜੀ ਦਾ ਚਿਤਰ ਬਣਾਇਆ ਹੋਇਆ ਹੈ।

ਸੋ, ਜੋ ਸ੍ਰੀ ਰਾਗ ਹੈ, ਉਹ ਪ੍ਰਕ੍ਰਿਤੀ ਦਾ (ਮੁੱਢ ਹੈ ਆਰੰਭ ਹੈ, ਜੋ ਪ੍ਰਕ੍ਰਿਤੀ ਬਨਾਸਪਤੀ ਪੈਦਾ ਕਰਦਾ ਹੈ, ਰਾਗ ਸ੍ਰੀ ਦਾ ਇਹ ਪ੍ਰਭਾਵ ਹੈ, ਕਿ ਇਸ ਨੂੰ ਸਹੀ ਤੌਰ ’ਤੇ ਗਾਇਆ ਜਾਵੇ, ਤਾਂ ਸੁੱਕੇ ਦਰਖਤ, ਸੁੱਕੇ ਬਾਗ ਹਰੇ ਹੋ ਜਾਂਦੇ ਹਨ ਅਤੇ ਬਾਂਝ ਇਸਤਰੀਆਂ ਦੀ ਕੁੱਖ ਹਰੀ ਹੋ ਜਾਂਦੀ ਹੈ। ਸਤਿਗੁਰ ਨਾਨਕ ਜੀ ਦੀ ਗਾਇਕੀ ਨਾਲ ਇਹ ਕੌਤਕ ਧਰਤੀ ’ਤੇ ਕਈ ਥਾਵਾਂ ’ਤੇ ਵਰਤਿਆ ਸੀ। ਉਹਨਾਂ ਦੀ ਗਾਇਕੀ ਵਿਚ ਇਹ ਪ੍ਰਭਾਵ ਸੀ।

ਜਿਸ ਤਰ੍ਹਾਂ ਬਨਸਪਤੀ ਦਾ ਮੁੱਢ ਹੁੰਦਾ ਹੈ ਤੇ ਉਸ ਦੇ ਉੱਪਰ ਦਰਖਤ ਪੇੜ ਬੂਟੇ ਪੌਦੇ ਉਗਦੇ ਹਨ ਤੇ ਉਸ ਤੋਂ ਬਾਅਦ ਉਸ ਨੂੰ ਫੁੱਲ ਫਲ ਲਗਦੇ ਹਨ। ਇਸੇ ਤਰ੍ਹਾਂ ਰਾਗ ਸ੍ਰੀ ਮੁੱਢ ਹੈ ਤੇ ਰਾਗ ਹਿੰਡੋਲ ਬਸੰਤ ਰੁੱਤ ਹੈ ਜਿਸ ਵਿਚ ਫੁੱਲ ਫਲ ਪੈਂਦੇ ਹਨ। ਹਿਮੰਤ ਰੁੱਤ ਵਿਚ ਬੂਟੇ ਉਗਦੇ ਹਨ ਅਤੇ ਬਸੰਤ ਰੁੱਤ ਵਿਚ ਫੁੱਲ ਖਿੜਦੇ ਹਨ।

ਸੰਗੀਤ ਸ਼ਾਸ਼ਤਰ ਅਨੁਸਾਰ ਸੱਤਾਂ ਰੁੱਤਾਂ ਦੇ ਵੱਖ ਵੱਖ ਰੰਗ ਹਨ ਅਤੇ ਵੱਖ ਵੱਖ ਗ੍ਰਹਿ ਤੇ ਆਕਾਸ਼ ਹਨ ਅਤੇ ਸਭ ਵੀ ਵੱਖੋ ਵੱਖ ਪ੍ਰਕਿਤੀ ਹੈ ਪ੍ਰਭਾਵ ਹੈ। ਜਿਸ ਤਰ੍ਹਾਂ:

ਸਾ ਦਾ ਗ੍ਰਹਿ ਚੰਦ੍ਰ ਹੈ ਅਤੇ ਰੰਗ ਸ਼ਵੇਤ ਹੈ ਅਤੇ ਪ੍ਰਕ੍ਰਿਤੀ ਪ੍ਰਭਾਵ ਸੀਤਲ ਸ਼ਾਂਤ ਹੈ।

ਰੇ ਦਾ ਗ੍ਰਹਿ ਬੁੱਧ ਹੈ ਅਤੇ ਰੰਗ ਸੁਰਖ ਹੈ ਅਤੇ ਪ੍ਰਕਿਤੀ ਠੰਢੀ ਹੈ।

ਗਾ ਦਾ ਗ੍ਰਹਿ ਬ੍ਰਹਸਪਤ ਹੈ ਅਤੇ ਰੰਗ ਸਵਰਨ ਹੈ ਅਤੇ ਪ੍ਰਕ੍ਰਿਤੀ ਸਰਦ ਹੈ।

ਮਾ ਦਾ ਗ੍ਰਹਿ ਸੂਰਜ ਹੈ ਤੇ ਰੰਗ ਸਫੈਦ ਹੈ ਅਤੇ ਪ੍ਰਕਿਤੀ ਗਰਮ ਹੈ।

ਪਾ ਦਾ ਗ੍ਰਹਿ ਮੰਗਲ ਹੈ, ਰੰਗ ਸਯਾਮ ਹੈ ਅਤੇ ਪ੍ਰਕਿਰਤੀ ਗਰਮ ਹੈ

ਧਾ ਦਾ ਗ੍ਰਹਿ ਸ਼ੁੱਕਰ ਹੈ , ਰੰਗ ਪੀਲਾ ਹੈ ਅਤੇ ਪ੍ਰਕ੍ਰਿਤੀ ਦਿਲ ਮੋਹਿਤ ਹੈ ਅਤੇ

ਨੀ ਦਾ ਗ੍ਰਹਿ ਸ਼ਨੀ ਹੈ, ਰੰਗ ਕਾਲਾ ਹੈ ਅਤੇ ਪ੍ਰਕ੍ਰਿਤੀ ਸਰਦ ਖੁਸ਼ਕ ਹੈ।

ਸੋ ਸੰਗੀਤ ਸ਼ਾਸ਼ਤਰ ਅਨੁਸਾਰ ਰਾਗ ਰੁੱਤ ਅਨੁਸਾਰ ਹਨ ਅਤੇ ਰਾਗ ਅਨੁਸਾਰ ਰੁੱਤਾਂ ਤੇ ਪ੍ਰਕ੍ਰਿਤੀ ਹੈ। ਜਿਸ ਤਰ੍ਹਾਂ ਰਾਗ ਹਿੰਡੋਲ ਵਿਚ ਪੰਜ ਸੁਰ ਲਗਦੇ ਹਨ। ਸਾ ਗਾ ਮਾ ਧਾ ਨੀ ਅਤੇ ਇਸ ਦੇ ਮੁੱਖ ਅੰਗ ਸੁਰ ਹਨ- ਸਾ ਨੀ ਧਾ ਨੀ ਮਾ ਧਾ ਸਾਂ, ਸੋ ਇਸ ਪ੍ਰਕਾਰ ਸਾ ਦੀ ਪ੍ਰਕ੍ਰਿਤੀ ਸੀਤਲ ਹੈ, ਤੇ ਰੰਗ ਸ਼ਵੇਤ ਹੈ ਅਤੇ ਗਾ ਦੀ ਪ੍ਰਕ੍ਰਿਤੀ ਸਰਦ ਹੈ ਅਤੇ ਰੰਗ ਸਵਰਨ ਹੈ। ਮਾ ਦੀ ਪ੍ਰਕ੍ਰਿਤੀ ਗਰਮ ਹੈ ਤੇ ਰੰਗ ਸਫੈਦ ਹੈ ਅਤੇ ਧਾ ਦੀ ਪ੍ਰਕ੍ਰਿਤੀ ਦਿਲ ਨੂੰ ਮੋਹਨ ਵਾਲੀ ਹੈ ਤੇ ਰੰਗ ਪੀਲਾ ਹੈ ਅਤੇ ਨੀ ਦੀ ਪ੍ਰਕ੍ਰਿਤੀ ਸਰਦ ਖੁਸ਼ਕ ਹੈ ਤੇ ਰੰਗ ਕਾਲਾ ਹੈ।

ਸੋ ਇਸ ਪ੍ਰਕਾਰ ਬਸੰਤ ਰੁੱਤ ਵਿਚ ਨਾ ਤਾਂ ਜ਼ਿਆਦਾ ਠੰਢ ਹੁੰਦੀ ਹੈ ਅਤੇ ਨੀ ਦੇ ਪ੍ਰਭਾਵ ਅਨੁਸਾਰ ਮੌਸਮ ਸਰਦ ਖੁਸ਼ਕ ਹੁੰਦਾ ਹੈ, ਨਾ ਜ਼ਿਆਦਾ ਠੰਢ ਹੁੰਦੀ ਹੈ ਤੇ ਨਾ ਹੀ ਜ਼ਿਆਦਾ ਗਰਮੀ ਹੁੰਦੀ ਹੈ, ਸਭੇ ਪੰਜ ਸੁਰਾਂ ਦੀ ਪ੍ਰਕ੍ਰਿਤੀ ਪ੍ਰਭਾਵ ਮਿਲਾ ਕੇ ਪ੍ਰਕ੍ਰਿਤੀ ਦਿਲ ਮੋਹਨ ਵਾਲੀ ਹੁੰਦੀ ਹੈ। ਏਹੀ ਬਸੰਤ ਰੁੱਤ ਹੁੰਦੀ ਹੈ ਅਤੇ ਪੰਜੇ ਸੁਰਾਂ ਦੇ ਰੰਗ, ਸ਼ਵੈਤ,

ਪੀਲਾ ਤੇ ਕਾਲਾ ਰੰਗ ਮਿਲ ਕੇ ਸਵਰਨ ਰੰਗ ਹੋ ਜਾਂਦਾ ਹੈ। ਜੋ ਬਸੰਤ ਰੁੱਤ ਵਿਚ ਫੁਲ ਖਿਲਦੇ ਹਨ, ਉਹ ਫੁੱਲ ਇਹਨਾਂ ਰੰਗਾਂ ਦੇ ਹੀ ਹੁੰਦੇ ਹਨ ਅਤੇ ਇਸ ਰੁੱਤ ਵਿਚ ਜਦੋਂ ਮਿੱਠੀ ਮਿੱਠੀ ਤੇ ਠੰਢੀ ਹਵਾ ਚਲਦੀ ਹੈ ਤਾਂ ਇਸ ਤਰ੍ਹਾਂ ਲਗਦਾ ਹੈ, ਜਿਸ ਤਰ੍ਹਾਂ ਝੂਲੇ ਤੇ ਬੈਠ ਕੇ ਝੂਲੇ ਦਾ ਆਨੰਦ ਲੈ ਰਹੇ ਹਾਂ ਅਤੇ ਸੰਗੀਤ ਸ਼ਾਸ਼ਤ੍ਰ ਵਿਚ ਲਿਖਿਆ ਹੈ ਕਿ ਰਾਗ ਹਿੰਡੋਲ ਗਾਣ ਨਾਲ ਝੂਲਾ ਆਪਣੇ ਆਪ ਚੱਲਣ ਲੱਗ ਪੈਂਦਾ ਹੈ, ਪੰਗਤੀ ਹੈ- ਚਲੈ ਹਿੰਡੋਲਾ ਆਪ ਤੇ ਸੁਨਤ ਰਾਗ ਹਿੰਡੋਲ

ਨਾਦ ਬਿਨੋਦ ਗ੍ਰੰਥ ਵਿਚ ਰਾਗ ਹਿੰਡੋਲ ਦਾ ਜੋ ਚਿਤਰ ਹੈ ਉਸ ਦੇ ਥੱਲੇ ਲਿਖਿਆ ਹੈ ਕਿ ਰਾਗ ਹਿੰਡੋਲ ਜੋ ਕਿ ਬ੍ਰਹਮਾ ਜੀ ਆਪ ਹਨ ਤੇ ਬ੍ਰਹਮ ਦੇਵ ਜੀ ਦਾ ਸੁੰਦਰ ਮੁੱਖ ਹੈ ਅਤੇ ਕਾਮਦੇਵ ਜੈਸੀ ਸੁੰਦਰਤਾ ਹੈ, ਸਰੀਰ ਛੋਟਾ ਹੈ, ਪਰ ਜਵਾਨ ਹੈ ਤੇ ਸੁੰਦਰ ਰਾਗਨੀ ਇਸਤਰੀਆਂ ਝੂਠੇ ਤੇ ਬਿਠਾ ਕੇ ਝੂਲਾ ਰਹੀਆਂ ਹਨ ਅਤੇ ਝੂਲੇ ਤੇ ਸੁੱਖ ਭੋਗਦਾ ਹੋਇਆ ਰਾਗ ਹਿੰਡੋਲ ਹੈ। ਪਾਠਕਾਂ ਨੂੰ ਗਿਆਤ ਹੋਣਾ ਹੈ, ਝੂਲੇ ਨੂੰ ਹਿੰਡੋਲਾ ਵੀ ਆਖਦੇ ਹਨ।

ਸੋ ਰਾਗ ਹਿੰਡੋਲ, ਕਲਿਆਣ ਠਾਠ ਤੋਂ ਪ੍ਰਗਟ ਹੁੰਦਾ ਹੈ ਅਤੇ ਇਸ ਦੇ ਵਿਚ ਰੇ ਤੇ ਪਾ ਸੁਰ ਨਹੀਂ ਲਗਦੇ ਅਤੇ ਮਾ ਤੀਬਰ ਹੈ, ਗਾ ਤੇ ਧਾ ਨੀ ਤੀਬਰ ਨਾਲ ਸ਼ੁੱਧ ਹਨ। ਵਾਦੀ ਸੁਰ ਧਾ ਹੈ ਤੇ ਸੰਵਾਦੀ ਸੁਰ ਮਾ ਹੈ, ਗਾਉਣ ਦਾ ਸਮਾਂ ਦਿਨ ਦਾ ਦੂਜਾ ਪਹਿਰ ਹੈ ਅਤੇ ਬਸੰਤ ਰੁੱਤ ਵਿਚ ਹਰ ਸਮੇਂ ਗਾਇਆ ਜਾ ਸਕਦਾ ਹੈ।

ਕਵਿਤਾ-ਦੂਜੇ ਨੰਬਰ ਤੇ ਆ ਗਏ, ਬ੍ਰਹਮਾ ਬਣ ਰਾਗ ਹਿੰਡੋਲ

ਝੂਲੇ ਬੈਠ ਕੇ ਝੂਲਦੇ ਅਤੇ ਪ੍ਰੇਮ ਦੇ ਕਰੇ ਕਲੋਲ

ਵਿਸ਼ਨੂੰ ਜੀ ਦੀ ਧੁਨ ਤੋਂ ਉਪਜੇ, ਬ੍ਰਹਮਾ ਰਾਗ ਹਿੰਡੋਲ

ਬਸੰਤ ਰੁੱਤ ਵਿਚ ਗਾਇਆ ਜਾਵੇ, ਮਿੱਠੇ ਇਸ ਦੇ ਬੋਲ-1

ਰੇ ਤੇ ਪਾ ਨੂੰ ਤਿਆਗ ਕੇ, ਜਾਤੀ ਆੜਵ ਮਾਨ

ਧਾ ਗਾ ਨੂੰ ਸੰਵਾਦ ਕਰ, ਸ਼ਾਮ ਸਮੇਂ ਇਹ ਗਾਣ

ਸਾ ਨੀ ਧਾ ਨੀ, ਮਾ ਧਾ ਸਾ, ਮੁੱਖ ਇਸ ਦੀ ਪਹਿਚਾਨ

ਕਲਿਆਣਾ ਠਾਠ ਚੋਂ ਪੈਦਾ ਹੁੰਦਾ, ਮਧਮ ਤੀਬਰ ਜਾਨ।

ਬਸੰਤ ਰੁੱਤ ਵਿਚ ਕੁਦਰਤ ਖਿੜ ਗਈ, ਮਹਿਕੀ ਸਭ ਕਾਇਨਾਤ

ਬੂਰ ਪਿਆ ਫਿਰ ਅੰਬਾਂ ਨੂੰ ਤੇ ਕੋਇਲਾ ਗਾਏ ਰਾਗ

ਆਵਾਜ਼ ਆਵੇ ਜਦ ਮਿੱਠੀ ਮਿੱਠੀ ਝੂਲਾ ਝੂਲੇ ਆਣ

ਬੱਚੇ ਰੋਂਦੇ ਚੁੱਪ ਹੋ ਜਾਂਦੇ, ਆਏ ਮਿੱਠੀ ਨੀਂਦ ਮਹਾਨ।

ਖਾਸ ਨੋਟ-ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗ ਮਾਲਾ ਅਨੁਸਾਰ ਰਾਗ ਹਿੰਡੋਲ ਦਾ ਤੀਜਾ ਨੰਬਰ ਹੈ, ਪਰ ਰੁੱਤਾਂ ਅਨੁਸਾਰ ਸਾਲ ਦੀ ਪਹਿਲੀ ਰੁੱਤ ਜੋ ਕਿ ਚੇਤਰ ਵਿਸਾਖ ਵਿਚ ਹੁੰਦੀ ਹੈ ਬਸੰਤ ਰੁੱਤ ਦਾ ਇਹ ਪਹਿਲਾ ਨੰਬਰ ਹੈ ਅਤੇ ਦੇਵਤਿਆਂ ਦੇ ਹਿਸਾਬ ਨਾਲ ਰਾਗ ਹਿੰਡੋਲ ਬ੍ਰਹਮਾ ਦਾ ਦੂਜਾ ਨੰਬਰ ਹੈ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਜੋ ਰਾਗ ਰਾਮਕਲੀ ਵਿਚ ਰੁੱਤੀ ਸਲੋਕ ਗੁਰੂ ਅਰਜਨ ਸਾਹਿਬ ਜੀ ਨੇ ਲਿਖੇ ਹਨ, ਉਸ ਵਿਚ ਗੁਰੂ ਸਾਹਿਬ ਜੀ ਨੇ ਲਿਖਿਆ ਹੈ (ਰੁਤਿ ਸਰਸ ਬਸੰਤ ਮਾਹ ਚੇਤ ਵੈਸਾਖ ਸੁਖ ਮਾਸੁ ਜੀਉ) ਅਤੇ ਰਾਗ ਤੁਖਾਰੀ ਵਿਚ ਗੁਰੂ ਨਾਨਕ ਦੇਵ ਜੀ ਨੇ ਜੋ ਬਾਰਹ ਮਾਹ ਲਿਖਿਆ ਹੈ, ਉਸ ਵਿਚ ਗੁਰੂ ਸਾਹਿਬ ਜੀ ਨੇ ਸੰਕੇਤ ਦਿੱਤਾ ਹੈ (ਚੇਤ ਬਸੰਤ ਭਲਾ ਭਵਰ ਸੁਹਾਵੜੇ) ਅਤੇ ਸੰਗੀਤ ਸ਼ਾਸਤਰਾਂ ਅਨੁਸਾਰ ਵੀ ਬਸੰਤ ਰੁਤ ਚੇਤਰ ਵਿਸਾਖ ਵਿਚ ਹੁੰਦੀ ਹੈ ਅਤੇ ਧਰਤੀ ਤੇ ਸਾਰੀ ਬਨਸਪਤੀ ਚੇਤਰ ਵਿਸਾਖ ਵਿਚ ਜਾ ਕੇ ਖਿੜਦੀ ਹੈ, ਪਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਸੰਸਾਰ ਦੋ ਹੋਰ ਸਾਰੇ ਗੁਰਦੁਆਰਿਆਂ ਵਿਚ (ਬਸੰਤ ਰਾਗ) ਮਹੀਨਾ ਮਾਘ ਅਤੇ ਫੱਗਣ ਵਿਚ ਗਾ ਕੇ ਬੰਦ ਕਰ ਦਿੱਤਾ ਜਾਂਦਾ ਹੈ। ਜਦਕਿ ਮਾਘ ਤੇ ਫੱਗਣ ਵਿਚ ਹਿਮੰਤ ਰੁੱਤ ਹੁੰਦੀ ਹੈ ਜਿਸਨੂੰ ਪਤਝੜ ਰੁੱਤ ਕਹਿੰਦੇ ਹਨ। ਸਤਿਗੁਰ ਲਿਖਦੇ ਹਨ (ਹਿਮਕਰ ਰੁਤਿ ਮਨ ਭਾਵਤੀ ਮਾਘ ਫਗਣ ਗੁਣਵੰਤ ਜੀਉ) ਸੋ ਇਸ ਗੱਲ ਦੀ ਸਮਝ ਨਹੀਂ ਆਈ ਅੱਜ ਤਕ ਕੇ ਗੁਰਮਤਿ ਵਿਚ ਇਸ ਦਾ ਕੀ ਕਾਰਨ ਹੈ, ਮੈਂ ਕਈ ਗੁਣੀ ਗਿਆਨੀਆਂ ਅਤੇ ਦਰਬਾਰ ਸਾਹਿਬ ਦੇ ਸਿੰਘ ਸਾਹਿਬਾਂ ਤੋਂ ਇਹ ਗੱਲ ਪੁੱਛੀ ਹੈ, ਪਰ ਕਿਸੇ ਨੇ ਵੀ ਇਸ ਦਾ ਤਸੱਲੀ ਬਖਸ਼ ~~ਉੱਤਰ ਨਹੀਂ ਦਿੱਤਾ। (ਚਲਦਾ)~~


425, ਸਿਮਰਨ ਨਿਵਾਸ, ਗਲੀ ਨੰ: 1,
ਨਿਊ ਬਸੰਤ ਵਿਹਾਰ, ਕਾਕੋਵਾਲ ਰੋਡ,
ਲੁਧਿਆਣਾ 141008
ਫੋਨ : 9780708747, 9463244912



**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

# ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ

ਰਮੇਸ਼ ਸਿੰਘ

ਪ੍ਰਭੂ ਦੀ ਅਪਾਰ ਬਖਸ਼ਿਸ਼ ਦਾ ਸਦਕਾ ਇਕ ਵਾਰ ਫੇਰ ਸਤਿਸੰਗ ਪ੍ਰਾਪਤ ਹੋਇਆ, ਗੁਰੂ ਪਿਆਰੇ ਸਤਿਸੰਗੀਆਂ ਦੀ ਚਰਣ ਧੂੜ ਪ੍ਰਾਪਤ ਹੋਈ। ਗੁਰਮਤਿ ਗਾਡੀ ਰਾਹ ਦੀ ਪੜ੍ਹਾਈ ਮੁੜ ਸੁਨਣ, ਪੜ੍ਹਨ ਘੋਖਣ ਤੇ ਅਮਲ ਕਰਨ ਦੀ ਪ੍ਰੇਰਨਾ ਮਿਲੀ। ਇਹ ਦੋ ਸਪਤਾਹ ਦੇ ਇਕ Intensive Training ਕੈਂਪ ਵਾਂਗ ਸੀ ਜਿਸ ਵਿਚ 15 18 ਸਾਲ ਦੇ ਬੱਚੇ ਵੀ ਸਨ ਤੇ 80 ਸਾਲ ਦੇ ਬਜ਼ੁਰਗ ਵੀ, ਪਰ ਸਾਰਿਆਂ ਦਾ ਫੋਕਸ ਇਕ ਸੀ, ਨਿਸ਼ਾਨਾ ਇਕ ਸੀ, ਲਗਨ ਇਕ ਸੀ, ਸਾਰੇ ਇਕੋ ਦੇ ਪਿਆਰ ਵਿਚ ਪਰੋਤੇ ਹੋਏ ਸਨ ਤੇ ਉਸ ਪਿਆਰ ਨੂੰ ਸਾਰੀ ਦੁਨੀਆਂ ਨਾਲ ਵੰਡਣ ਲਈ ਉਤਸਕ ਸਨ। ਸੁ ਜਿਥੇ ਵੀ ਤੇ ਜਦੋਂ ਵੀ ਮੌਕਾ ਬਖਸ਼ਿਆ ਪ੍ਰਭੂ ਨੇ, ਸਾਰਿਆਂ ਨੇ ਰੱਜ ਰੱਜ ਕੇ ਇਹ ਪਿਆਰ ਵੰਡਿਆ ਤੇ ਰੱਜ ਰੱਜ ਕੇ ਬਦਲੇ ਵਿਚ ਪਿਆਰ ਪਾਇਆ - ਭਾਵੇਂ ਉਹ ਕ੍ਰਿਸਚਿਅਨ sister ਹੋਣ, ਭਾਵੇਂ ਜੇਲ੍ਹ ਦੇ ਕੈਦੀ ਹੋਣ, ਭਾਵੇਂ ਕੈਂਸਰ ਦੇ ਮਰੀਜ਼ ਹੋਣ, ਭਾਵੇਂ ਟ੍ਰੇਨ ਵਿਚ ਸਫਰ ਕਰਨ ਵਾਲੇ ਯਾਤਰੂ ਹੋਣ, ਭਾਵੇਂ ਰੋਗੀਆਂ ਦੀ ਸੇਵਾ ਕਰਨ ਦੇ ਚਾਹਵਾਨ ਲੋਕਾਂ ਦਾ ਗਰੁੱਪ ਹੋਵੇ, ਭਾਵੇਂ ਕੋਹੜ ਦੇ ਮਰੀਜ਼ ਹੋਣ ਤੇ ਭਾਵੇਂ ਆਮ ਇਨਸਾਨ (ਕਿਸੇ ਵੀ ਧਰਮ, ਜਾਤੀ, ਰਾਜ, ਭਾਸ਼ਾ ਦਾ) ਹੋਵੇ, ਜੋ ਵੀ ਪਾਗਲਾਂ ਦੀ ਇਸ ਪ੍ਰੇਮ ਟੋਲੀ ਨਾਲ ਮਿਲਿਆ, ਸੰਪਰਕ ਵਿਚ ਆਇਆ ਉਹ ਪਿਆਰ ਦੇ ਨਿੱਘ ਤੋਂ ਸੱਖਣਾ ਨਾ ਰਹਿ ਸਕਿਆ। ਗੁਰਮੁੱਖ ਪਿਆਰੇ ਅਕਸਰ (ਪੰਜਾਬੀ ਨਾ ਜਾਣਨ ਵਾਲਿਆਂ ਕਰਕੇ) ਹਿੰਦੀ ਵਿਚ ਇਹ ਗਾਇਆ ਕਰਦੇ ਸਨ:

ਤੂਨੇ ਮੁਝਕੋ ਸਾਥੀ ਦੀਏ ਤੇਰੇ ਪ੍ਰੇਮ ਕੀ ਖਾਤਿਰ। ਪ੍ਰੇਮ ਕੀ ਮਜਲਿਸ ਬਨ ਗਈ ਤੇਰੇ ਪ੍ਰੇਮ ਕੀ ਖਾਤਿਰ। ਕ੍ਰਿਪਾ ਕਰੋ ਯੇਹ ਮਜਲਿਸ ਕਹੀਂ ਕਭੀ ਟੂਟ ਨਾ ਜਾਏ। ਤੇਰਾ ਨਾਮ ਔਰ ਤੇਰਾ ਪ੍ਰੇਮ ਕਹੀ ਛੂਟ ਨਾ ਜਾਏ।" ਅਤੇ ਗੁਰੂ ਗ੍ਰੰਥ ਸਾਹਿਬ ਅੱਗੇ ਸ਼ੁਕਰਾਨੇ ਵਜੋਂ ਆਪਣੇ ਉਦਾਗਰ ਇਸ ਤਰ੍ਹਾਂ ਪ੍ਰਗਟ ਕਰਦੇ ਸਨ:

ਜਬ ਸੇ ਮੁਝਕੋ ਮਿਲ ਗਈ ਹੈ ਗੁਲਾਮੀ ਤੇਰੀ। ਜਗ ਕੀ ਆਜ਼ਾਦੀ ਭੀ ਬਨੀ ਹੈ ਗੁਲਾਮ ਮੇਰੀ।"

ਉਹ ਅਕਸਰ ਕਿਹਾ ਕਰਦੇ ਸਨ, ਗੁਰੂ ਗ੍ਰੰਥ ਸਾਹਿਬ ਤੋਂ ਵੱਡਾ ਕੋਈ ਸੰਤ ਨਹੀਂ ਤੇ ਛੋਟੇ ਕੋਲ ਜਾਣ ਦੀ ਲੋੜ ਨਹੀਂ। ਲੋੜ ਬੱਸ ਇਸ ਗੱਲ ਦੀ ਹੈ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਤੇ ਪੂਰਾ ਯਕੀਨ ਕਰੀਏ ਤੇ ਨਾਲ ਹੀ ਪੂਰਾ ਪੂਰਾ ਅਮਲ ਕਰਨ ਦੀ ਪੂਰੀ ਈਮਾਨਦਾਰੀ ਨਾਲ ਕੋਸ਼ਿਸ਼ ਕਰਦਿਆਂ ਪੂਰੇ ਸਮਰਪਣ ਨਾਲ ਅਰਦਾਸ ਕਰਦੇ ਰਹੀਏ; ਆਪਣੇ ਗੁਨਾਹਾਂ ਦੀ ਯਰਮ ਹੇਠ ਰਹਿ ਕੇ ਆਪਣੇ ਮੈਂ ਤੇ ਆਕੜ ਤੋਂ ਦੂਰ ਰਹੀਏ ਤੇ ਗੁਰੂ/ਪ੍ਰਭੂ ਦੀ ਵਡਿਆਈ ਹਿਰਦੇ ਵਿਚ ਵਸਾਈਏ। ਇਸ ਤਰ੍ਹਾਂ ਗੁਰੂ ਕਿਰਪਾ ਸਦਕਾ ਅਸੀਂ ਪ੍ਰਭੂ ਕਿਰਪਾ ਦੇ ਪਾਤਰ ਬਣ ਸਕਦੇ ਹਾਂ-ਫਿਰ ਚਿੰਤਾ ਕਾਹਦੀ, ਸੋਚਾਂ ਕੈਸੀਆਂ ਸ਼ਿਕਾਇਤ ਕਿਸ ਗੱਲ ਦੀ, ਵਹਿਮ ਤੇ ਭਰਮ ਕੈਸਾ, ਬੁਰਾ ਤੇ ਭੈੜ ਕੌਣ, ਨਿੰਦਾ ਕਿਸਦੀ, ਚੁਗਲੀ ਕਿਸਦੀ, ਵੈਰ-ਵਿਰੋਧ ਕਿਸ ਨਾਲ, ਈਰਾਖਾ ਕਿਸ ਨਾਲ, ਕਿਸ ਤੋਂ ਬਦਲਾ, ਫਿਰ ਤਾਂ ਆਨੰਦ ਹੀ ਆਨੰਦ ਹੈ, ਠੰਢ ਹੀ ਠੰਢ ਹੈ, ਸਹਿਜ ਹੈ, ਖੇੜਾ ਹੀ ਖੇੜਾ ਹੈ, ਪਿਆਰ ਹੀ ਪਿਆਰ, ਭਲਾ ਹੀ ਭਲਾ ਹੈ।

ਪਰ ਸਾਡੀ problem ਇਹ ਹੈ ਕਿ ਨਾ ਅਸੀਂ ਗੁਰੂ ਬਚਨਾਂ ਤੇ ਪੂਰਾ ਭਰੋਸਾ ਕਰਦੇ ਹਾਂ, ਨਾ ਗੁਰੂ ਦੀ ਗੱਲ ਪੂਰੀ ਮੰਨਦੇ ਹਾਂ; ਮੱਥਾ ਗੁਰੂ ਗ੍ਰੰਥ ਸਾਹਿਬ ਅੱਗੇ ਟੇਕਦੇ ਹਾਂ ਤੇ ਡਰਦੇ ਦੁਨੀਆਂ ਤੋਂ ਹਾਂ ਕਿ ਕਿਤੇ ਲੋਗ ਨਾਰਾਜ਼ ਨਾ ਹੋ ਜਾਣ, ਗੁਰੂ ਅੱਗੇ ਪੂਰਾ ਸਮਰਪਣ ਨਹੀਂ ਕਰਦੇ। ਚਾਹੁੰਦੇ ਹਾਂ ਕਿ ਲੋਕਾਂ ਦੀ ਖੁਸ਼ੀ ਵੀ ਮਿਲੇ ਕੋਈ ਸਾਨੂੰ ਭੈੜਾ ਵੀ ਨਾ ਆਖੇ, ਅਸੀਂ ਲੋਕਾਂ ਦੀ ਵਾਹ ਵਾਹ ਵੀ ਲੁਟੀਏ ਤੇ ਗੁਰੂ ਦੀ ਪ੍ਰਸੰਨਤਾ ਦੇ ਪਾਤਰ ਵੀ ਬਣ ਜਾਈਏ। ਅਫਸੋਸ, ਇਹ ਹੋ ਨਹੀਂ ਸਕਦਾ, ਕਿਉਂਕਿ ਦੁਨੀਆਂ ਦਾ ਰਾਹ (ਸੰਸਾਰੀ ਮਾਰਗ) ਤੇ ਗੁਰਮਤਿ ਦਾ ਰਾਹ (ਭਗਤੀ ਮਾਰਗ) ਦੋਵੇਂ ਵੱਖ ਵੱਖ ਹਨ। ਇਸ ਲਈ ਗੁਰੂ ਸਾਹਿਬ ਨੇ ਕਿਹਾ ਸੀ, ਚੁਨਣਾ ਪਵੇਗਾ ਕਿ ਸਾਨੂੰ ਕਿਹੜਾ ਮਾਰਗ ਚਾਹੀਦਾ ਹੈ- ਪ੍ਰਭੂ ਮਾਰਗ ਤੇ ਚਲਦਿਆਂ ਔਕੜਾ ਆਉਣਗੀਆਂ, ਰੁਕਾਵਟਾਂ ਦਾ ਸਾਹਮਣਾ ਕਰਨਾ ਪਵੇਗਾ, ਲੋਕਾਂ ਦੀ ਆਲੋਚਨਾ (ਘਰ ਵਾਲਿਆਂ ਸਮੇਤ) ਸੁਨਣੀ ਪਵੇਗੀ, ਪਾਗਲ, ਬਉਰਾ (abnormal,

ਵੱਖਰਾ ਇਹ ਸਭ ਸਹਿਣਾ ਪਵੇਗਾ। ਸੱਚ ਦਾ ਮਾਰਗ ਕੰਡਿਆ ਦਾ ਮਾਰਗ ਹੈ। ਇਸ ਲਈ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ, ਭਾਈ ਇਸ ਮਾਰਗ ਦਾ ਪਾਂਧੀ ਬਨਣ ਵਾਲੇ ਨੂੰ ਆਪਣੇ ਸੀਸ ਤਲੀ ਤੇ ਰੱਖ ਆਪਣਾ ਪਵੇਗਾ ਤੇ ਜੇ ਇਕ ਵਾਰ ਆ ਗਿਆ ਫਿਰ ਕਿੰਤੂ ਪਰੰਤੂ (if, but) ਦੀ ਕੋਈ ਗੁੰਜਾਇਸ਼ ਨਹੀਂ। ਗੁਰੂ ਅਰਜਨ ਦੇਵ ਜੀ ਨੇ ਵੀ ਸਮਝਾਇਆ ਸੀ-ਪਹਿਲਾਂ ਮਰਨਾ ਪਵੇਗਾ (ਮੈਂ, ਮੇਰੀ, ਛੱਡਣੀ ਪਵੇਗੀ) ਜੀਵਨ ਦੀ ਆਸ ਛੱਡਣੀ ਪਵੇਗੀ। ਇਤਨੀ ਨਿਮਰਤਾ ਲੋੜੀਂਦੀ ਹੈ ਕਿ ਸਭ ਦੀ ਚਰਣ ਧੂੜ ਬਨਣਾ ਪਵੇਗਾ; ਮੋਹ ਦੀ ਗਿੱਚੀ ਮਰੋੜਨੀ ਪਵੇਗੀ, ਪੰਜਾ ਚੋਰਾਂ ਦਾ ਸੰਗ ਤਿਆਗਣਾ ਪਵੇਗਾ। ਇਕ ਨਾਲ ਚਿੱਤ ਲਾਉਣਾ ਪਵੇਗਾ। ਆਸਾਂ-ਅੰਦੇਸ਼ਾਂ, ਦੁਨੀਆਂ ਦੀਆਂ ਖਵਾਹਿਸ਼ਾਂ, ਇਨਾਂ ਚੋਂ ਮਨ ਕੱਢਣਾ ਪਵੇਗਾ। ਅਸੀਂ ਚਾਹੁੰਦੇ ਤਾਂ ਹਾਂ ਕਿ ਸਾਡੇ ਬੱਚੇ ਗੁਰੂ ਮਾਰਗ ਦੇ ਪਾਂਧੀ ਬਨਣ ਪਰ ਆਪਣਾ ਜੀਵਨ ਗੁਰੂ ਦੇ ਹੁਕਮਾਂ ਤੇ ਨਹੀਂ ਢਾਲਦੇ। ਗੱਲਾਂ ਗੁਰੂ ਦੀਆਂ ਕਰਦੇ ਹਾਂ-ਗੁਰਦੁਆਰੇ ਜਾਉ, ਪਾਠ ਕਰੋ,ਕੀਰਤਨ ਸਿੱਖੋ, ਅੰਮ੍ਰਿਤ ਛਕੋ..., ਪਰ ਆਪ ਗੁਰਦੁਆਰਾ ਜੇ ਕੀ ਨਿੰਦਾ ਚੁਗਲੀ ਬਖੀਲੀ ਨਹੀਂ ਛੱਡਦੇ, ਬੱਚਿਆਂ ਦੇ ਸਾਹਮਣੇ ਆਪਸ ਵਿਚ ਲੜਦੇ ਹਾਂ, ਦੁਨੀਆਂ ਦਾ ਲੋਕ ਪਚਾਰਾ ਕਰਦੇ ਹਾਂ, ਸ਼ਰਾਬ ਨਹੀਂ ਛੱਡਦੇ..ਬੱਚੇ ਸਾਡੇ ਇਸ ਪਾਖੰਡ ਤੋਂ ਦੁਖੀ ਹੋ ਕੇ ਕਹਿੰਦੇ ਹਨ-ਆਪ ਇਤਨੇ ਸਾਲਾਂ ਦੇ ਗੁਰਦੁਆਰੇ ਜਾਂਦੇ ਹੋ ਪਰ ਆਪਦੇ ਜੀਵਨ ਅੰਦਰ ਤਾਂ ਕੋਈ ਤਬਦੀਲੀ ਆਈ ਨਹੀਂ। ਫਿਰ ਅਸੀਂ ਕਿਉਂ ਜਾਈਏ; ਉਨ੍ਹਾਂ ਦੀ ਗੱਲ, ਆਪਣੀ ਥਾਂ ਠੀਕ ਹੈ। ਅਸੀਂ ਸੱਚਮੁਚ ਪਾਖੰਡੀ ਲੋਕ ਹਾਂ,ਗੁਰੂ ਦੀ ਗਾਲ੍ਹ ਬਣ ਚੁੱਕੇ ਹਾਂ, ਸਾਡੇ ਬੱਚੇ ਜੇ ਗੁਰਮਤਿ ਤੋਂ ਦੂਰ ਜਾ ਰਹੇ ਹਨ ਤਾਂ ਉਸਦੇ ਜ਼ਿੰਮੇਵਾਰ ਅਸੀਂ ਖੁਦ ਹਾਂ, ਅਸੀਂ ਉਨ੍ਹਾਂ ਦੇ ਸਾਹਮਣੇ ਉਹ ਉਦਾਹਰਣ ਅਸਲੀ ਜੀਵਨ ਦੁਆਰਾ ਨਹੀਂ ਪੇਸ਼ ਕਰ ਸਕੇ ਜੋ ਇਕ ਸਿੱਖ ਦਾ ਹੋਣਾ ਲੋੜ੍ਹੀਦਾ ਹੈ ਤੇ ਜਿਸਦਾ ਵਰਨਣ ਭਾਈ ਗੁਰਦਾਸ ਜੀ ਨੇ ਇੰਝ ਕੀਤਾ ਹੈ:

ਹਉ ਤਿਸੁ ਘੋਲਿ ਘੁਮਾਇਆ,
ਗੁਰਮਤਿ ਰਿਦੈ ਗਰੀਬੀ ਆਵੈ।।
ਨਿਮਰਤਾ ਧਾਰਣ ਕਰੀਏ
ਹਉ ਤਿਸੁ ਘੋਲਿ ਘੁਮਾਇਆ,
ਪਰ ਨਾਰੀ ਦੇ ਨੇੜਿ ਨ ਜਾਵੈ।।
ਪਰ ਨਾਰੀ/ਪੁਰਸ਼ ਨਾਲ ਨਜ਼ਾਇਜ ਸੰਬੰਧ ਨਹੀਂ ਰੱਖਣ।
ਹਉ ਤਿਸੁ ਘੋਲਿ ਘੁਮਾਇਆ,
ਪਰ ਦਰਬੈ ਨਾ ਲਾਵੈ
ਪਰਾਏ ਧਨ ਹੜੱਪ ਕਰਨ ਤੋਂ ਪਰਹੇਜ਼ ਕਰੀਏ
ਹਉ ਤਿਸੁ ਘੋਲਿ ਘੁਮਾਇਆ
ਪਰ ਨਿੰਦਾ ਸੁਣਿ ਆਪ ਹਟਾਵੈ।
ਨਿੰਦਾ ਤੋਂ ਦੂਰ ਰਹਿਣਾ ਹੈ
ਹਉ ਤਿਸੁ ਘੋਲਿ ਘੁਮਾਇਆ,
ਸਤਿਗੁਰ ਦਾ ਉਪਦੇਸ਼ ਕਮਾਵੈ।
ਗੁਰੂ ਦੇ ਹੁਕਮਾਂ ਤੇ ਅਮਲ ਮਰੀਏ।
ਹਉ ਤਸੁ ਘੋਲਿ ਘੁਮਾਇਆ,
ਥੋੜਾ ਸਵੈ ਥੋੜਾ ਹੀ ਖਾਵੈ।।
ਖਾਣ ਤੇ ਸੌਣ ਦਾ ਲਾਲਚ ਨਹੀਂ ਕਰਨਾ
ਗੁਰਸਖਿ ਸੋਈ ਸਹਿਜ ਸਮਾਵੈ।
(ਵਾਰ 12 ਪਉੜੀ 4)

ਗੁਰੂ ਦੇ ਦੱਸੇ ਇਸ ਸਿੱਖੀ ਮਾਰਗ ਨੂੰ ਅਪਨਾ ਕੇ ਹੀ ਸਾਡਾ ਜੀਵਨ ਸਹਜਿ ਅਵਸਥਾ ਵਿਚ ਆ ਸਕਦਾ ਹੈ। ਜਿੱਥੇ ਸੋਨਾ ਤੇ ਮਿੱਟੀ ਇਕੋ ਜਿਹੇ ਲੱਗਣ, ਮਾਨ ਦੀ ਚਾਹਤ ਤੇ ਅਪਮਾਨ ਦਾ ਡਰ ਨਾ ਹੋਵੇ, ਹਰਖ ਤੇ ਸੋਗ, ਦੁਖ ਤੇ ਸੁਖ ਇਕੋ ਜਿਹੇ ਜਾਪਣ, ਸੁਖ ਦੀ ਲਾਲਸਾ ਨਾ ਹੋਵੇ ਅਤੇ ਦੁੱਖ ਤੋਂ ਘਬਰਾਹਟ ਨਾ ਹੋਵੇ; ਨਾ ਵਡਿਆਈ ਦੀ ਭੁਖ ਹੋਵੇ ਨਾ ਕਿਸੇ ਦੀ ਉਸਤਤਿ ਨਿੰਦਾ ਕਰੀਏ, ਆਕੜ ਤੋਂ ਦੂਰ ਰਹੀਏ, ਕੋਈ ਆਸਾ-ਮਨਸਾ ਨਾ ਹੋਵੇ, ਬੱਸ ਹਰ ਹਾਲ ਤੇ ਕਾਲ ਵਿਚ ਪ੍ਰਭੂ ਦਾ ਸ਼ੁਕਰਾਨਾ ਕਰਦਿਆਂ ਜੀਵਨ ਗੁਜਾਰੀਏ। ਪਰ ਅਸੀਂ ਘਾਲ-ਕਮਾਈ ਕੀਤੇ ਬਗੈਰ ਅੱਖਾਂ ਮੀਟ ਕੇ, ਮੋਢੇ ਹਿਲਾ ਹਿਲਾ ਕੇ ਸ਼ਬਦ ਪੜ੍ਹ ਸੁਣ ਕੇ ਇਸ ਅਵਸਥਾਂ ਤੇ ਪਹੁੰਚਣਾ ਚਾਹੁੰਦੇ ਹਾਂ ਜੋ ਨਾਮੁਮਕਨ ਹੈ। ਸਾਡੇ ਜੀਵਨ ਵਿਚ ਨਾ ਅੰਮ੍ਰਿਤ ਵੇਲਾ ਹੈ ਨਾ ਦਸਵੰਧ ਕੱਢਦੇ ਹਾਂ, ਨਾ ਸੱਚੀ ਸੁੱਚੀ ਕਿਰਤ ਹੈ ਸਾਡੀ, ਤੇ ਫਿਰ ਉਮੀਦ ਕਰਦੇ ਹਾਂ ਕਿ ਸਾਡਾ ਜੀਵਨ ਸੁਖੀ ਹੋਵੇ, ਸਾਡੇ ਬੱਚੇ ਗੁਰਸਿੱਖੀ ਮਾਰਗ ਤੇ ਚੱਲਣ, ਇਹ ਕਿਵੇਂ ਹੋ ਸਕਦਾ ਹੈ।

ਇਕ ਹੋਰ ਅਜੀਬ ਗੱਲ ਅਕਸਰ ਦੇਖਣ ਨੂੰ ਆਉਂਦੀ ਹੈ ਕਿ ਇਸ ਪਾਸੇ ਤਾਂ ਅਸੀਂ ਕਹਿੰਦੇ ਹਾਂ ਕਿ ਸਾਡੇ ਬੱਚੇ ਪ੍ਰਭੂ ਦੇ ਪਾਸੇ ਲੱਗਣ, ਪਰ ਜੇ ਪ੍ਰਭੂ ਕਿਰਪਾ ਸਦਕਾ ਉਹ ਵਾਕਈ seriously ਇਹ ਮਾਰਗ ਅਪਨਾਣ ਲੱਗਦੇ ਹਨ ਤਾਂ ਅਸੀਂ ਪਰੇਸ਼ਾਨ ਹੋ ਜਾਂਦੇ ਹਨ ਕਿਉਂਕਿ ਫਿਰ ਬੱਚੇ ਸਾਡੇ ਨਾਲ ਮੋਹ ਨਹੀਂ ਕਰਦੇ, ਉਹ ਦੁਨੀਆਂ ਦੇ ਅਡੰਬਰਾਂ ਵਿਚ ਸਾਡੇ ਭਾਈਵਾਲ ਨਹੀਂ ਬਣਦੇ, ਉਹ ਹੇਰਾਫੇਰੀ, ਝੂਠ ਤੇ ਫਰੇਬੀ ਦਾ ਜੀਵਨ ਛੱਡ ਦੇਂਦੇ ਹਨ। ਸਾਨੂੰ ਘਬਰਾਹਟ ਹੋਣ ਲੱਗਦੀ ਹੈ ਕਿ ਇਸ ਤਰ੍ਹਾਂ ਤਾਂ ਇਹ ਜ਼ਿੰਦਗੀ ਕਿਵੇਂ ਚਲਾਣਗੇ, ਇਹ ਤਾਂ ਦੁਨੀਆਂ ਦੀ ਦੌੜ ਵਿਚ ਪਿੱਛੇ ਰਹਿ ਜਾਣਗੇ। ਸੱਚਾਈ ਇਹ

ਹੈ ਕਿ ਅਸੀਂ ਕੇਵਲ ਇਹ ਚਾਹੁੰਦੇ ਹਾਂ ਕਿ ਬੱਚੇ ਵੀ ਸਾਡੇ ਵਾਂਗ ਹੀ ਭੇਖ ਕਰਦੇ ਰਹਿਣ। ਕੇਸ, ਦਾਹੜੀ ਰੱਖਣ, ਗੁਰਦੁਆਰੇ ਮੱਥਾ ਟੇਕਣ ਜਾਇਆ ਕਰਨ, ਥੋੜਾ ਬਹੁਤ ਪਾਠ ਵੀ ਕਰਿਆ ਕਰਨ, ਕੁਝ ਸ਼ਬਦ ਵੀ ਸਿੱਖ ਲੈਣ (ਨਾ ਸ਼ਬਦਾਂ ਨੂੰ ਸਮਝਣ ਦੀ ਲੋੜ ਹੈ ਤੇ ਨਾ ਹੀ ਅਮਲ ਦੀ) ਜੋ ਉਹ ਨਹੀਂ ਕਰਦੇ ਕਿਉਂਕਿ ਉਹ ਜੋ ਵੀ ਰਸਤਾ ਪਕੜਦੇ ਹਨ ਉਸ ਤੇ ਪੂਰੀ ਤਰ੍ਹਾਂ ਟੁਰਨਾ ਚਾਹੁੰਦੇ ਹਨ।

ਸਾਡੇ ਅਖੌਤੀ ਗੁਰਮਤਿ ਜੀਵਨ ਦਾ ਇਕ ਉਦਾਹਰਣ ਵੇਖੋ। ਪ੍ਰੇਮ ਟੋਲੀ ਕੈਂਸਰ ਦੇ ਇਕ ਅਸਪਤਾਲ ਵਿਚ ਮਰੀਜ਼ਾਂ ਦਾ ਦੁਖ ਦਰਦ ਵਡਾਂਦਿਆਂ ਇਕ cabin ਵਿਚ ਇਕ ਸਿੱਖ ਪਰਿਵਾਰ ਨੂੰ ਵੇਖ ਉਨ੍ਹਾਂ ਕੋਲ ਚਲੀ ਗਈ। ਪੁੱਛਣ ਤੇ ਪਤਾ ਲੱਗਾ ਕਿ ਸਰਦਾਰ ਸਾਹਿਬ ਦੇ ਪੇਟ ਦਾ ਆਪਰੇਸ਼ਨ ਹੋ ਚੁੱਕਾ ਹੈ ਤੇ ਉਹ Chemotherapy ਲਈ ਭਰਤੀ ਹੋਏ ਹਨ ਤਾਂ ਜੋ Cancer ਦੇ Cells ਨੂੰ injections ਰਾਹੀਂ ਖਤਮ ਕੀਤਾ ਜਾ ਸਕੇ ਤੇ ਉਹ ਪੂਰੀ ਤਰ੍ਹਾਂ ਨਿਰੋਗ ਹੋ ਜਾਣ। ਕੋਲ ਹੀ ਉਨ੍ਹਾਂ ਦੀ ਬਿਰਧ ਮਾਤਾ ਜੀ ਦੂਜੇ ਬਿਸਤਰ ਤੇ ਬੈਠੇ ਸਨ।ਉਨ੍ਹਾਂ ਦੇ ਹੱਥ ਵਿਚ ਗੁਟਕਾ ਸੀ ਪਰ ਚੇਹਰੇ ਤੇ ਚਿੰਤਾ, ਪਰੇਸ਼ਾਨੀ ਤੇ ਡਰ ਸਾਫ ਝਲਕ ਰਹੇ ਸਨ। ਸਰਦਾਰ ਸਾਹਿਬ ਕਹਿਣ ਲੱਗੇ, ਇਹ ਮੇਰੇ ਮਾਤਾ ਜੀ ਹਨ, ਸਾਰਾ ਦਿਨ ਪਾਠ ਕਰਦੇ ਰਹਿੰਦੇ ਹਨ। ਪ੍ਰੇਮ-ਟੋਲੀ ਦੇ ਮੁਖੀ ਗੁਰਮੁਖ ਪਿਆਰਿਆਂ ਨੇ ਪੁੱਛਿਆ, ਮਾਤਾ ਜੀ, ਆਪ ਤਾਂ ਇਤਨਾ ਪਾਠ ਕਰਦੇ ਹੋ, ਨਿਤਨੇਮੀ ਹੋ, ਫਿਰ ਚਿੰਤਾ ਕਿਸ ਗੱਲ ਦੀ, ਇਤਨੀ tension ਕਿਉਂ ਹੈ। ਮਾਤਾ ਜੀ ਦਾ ਜੁਆਬ ਸਾਡੀ hypocrisy ਦੀ classic ਮਿਸਾਲ ਹੈ,ਉਨ੍ਹਾਂ ਕਿਹਾ, ਪਾਠ ਆਪਣੀ ਥਾਂ, ਚਿੰਤਾ ਆਪਣੀ ਥਾਂ। ਇਹ ਹੈ ਅੱਜ ਦੇ ਸਿੱਖ ਦੀ ਜੀਵਨ ਜਾਚ, ਕਿਤਨੇ ਅਫਸੋਸ ਦੀ ਗੱਲ ਹੈ ਕਿ ਗੁਰੂ ਸਾਡਾ ਸਾਰੀ ਦੁਨੀਆਂ ਦਾ ਰਾਹਬਰ ਤੇ ਸਿੱਖ ਘੋਰ ਹਨੇਰੇ ਵਿਚ, ਘੋਰ ਦੁੱਖ, ਘੋਰ ਚਿੰਤਾ ਤੇ ਪਰੇਸ਼ਾਨੀ ਵਿਚ ਹਾਥ ਦੀਪ ਕੁੰਏ ਪਰੇ ਵਾਲੀ ਹਾਲਤ ਵਿਚ।

ਇਸ ਘੋਰ ਨਿਰਾਸ਼ਾ ਦੇ ਮਾਹੌਲ ਵਿਚ ਗੁਰੂ ਕਿਰਪਾ ਸਦਕਾ ਜਦੋਂ ਕਿਤੇ ਪ੍ਰਭੂ ਪ੍ਰੇਮੀਆਂ ਦੀ ਸੰਗਤ ਵਿਚ ਅਮਲੀ ਸਿੱਖੀ ਜੀਵਨ ਦੀਆਂ ਕੁਝ ਝਲਕੀਆਂ ਵੇਖੀਆਂ ਤਾਂ ਉਮੀਦ ਦੀ ਕਿਰਨ ਜਾਗੀ ਕਿ ਅਜੇ ਵੀ ਸਭ ਕੁਝ ਨਹੀਂ ਬਿਗੜਿਆ, ਅਜੇ ਵੀ ਸੰਭਲਿਆ ਜਾ ਸਕਦਾ ਹੈ, ਅੱਜ ਦੀ ਕਮਾਈ ਕਰਨ ਵਾਲੇ ਗੁਰੂ ਦੇ ਨਾਲ ਬੈਠੇ ਹਨ। ਪ੍ਰੇਮ ਟੋਲੀ ਨੂੰ ਇਕ ਕ੍ਰਿਸ਼ਚਿਅਨ ਮਿਸ਼ਨਰੀਜ਼ ਦੇ ਸਕੂਲ ਵਿਚ cancer support group ਦੀ ਮੀਟਿੰਗ ਵਿਚ ਬੁਲਾਇਆ ਗਿਆ ਤੇ ਇਕ ਸਿੱਖ ਨੂੰ ਜੋ ਆਪਣੀ ਵੱਡੀ ਨੌਕਰੀ ਸਵੈ ਇੱਛਾ ਨਾਲ ਛੱਡ ਪਿੱਛਲੇ 20 ਸਾਲਾਂ ਤੋਂ ਵੱਧ ਸਮੇਂ ਤੋਂ ਕੋਹੜ ਦੇ ਮਰੀਜ਼ਾਂ ਦੀ ਸੇਵਾ ਸੰਭਾਲ ਕਰ ਰਹੇ ਹਨ ਬੇਨਤੀ ਕੀਤੀ ਗਈ ਕਿ ਉਹ ਗਰੁੱਪ ਨੂੰ ਮਾਰਗ ਦਰਸ਼ਨ ਦੇਣ ਕਿ ਉਹ ਕਿਵੇਂ ਕੈਂਸਰ ਦੇ ਮਰੀਜ਼ਾਂ ਦੇ ਸੇਵਾ ਕਾਰਜ ਵਿਚ ਸਮਰਪਤ ਹੋ ਸਕਣ। ਗੁਰਮੁਖਾਂ ਬੜੇ ਪਿਆਰ ਤੇ ਹਲੀਮੀ ਨਾਲ ਆਪਣੀ ਸਾਰੀਆਂ ਪ੍ਰਾਪਤੀਆਂ ਦਾ ਸਿਹਰਾ ਗੁਰੂ ਦੀ ਕਿਰਪਾ ਨੂੰ ਦੱਸਦਿਆਂ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਨੂੰ ਖੋਲ੍ਹ ਕੇ ਸਮਝਾਇਆ ਤੇ ਫਿਰ ਕਈ ਉਦਾਹਰਨ ਦੇ ਕੇ ਦੱਸਿਆ ਕਿ ਕਿਵੇਂ ਗੁਰੂ ਦੇ ਹੁਕਮਾਂ ਤੇ ਅਮਲ ਕਰਨ ਦੀ ਕੋਸ਼ਿਸ਼ ਮਾਤਰ ਨਾਲ ਉਹ ਸਾਰਿਆਂ ਦੇ ਹਰਮਨ ਪਿਆਰੇ ਬਣ ਗਏ। ਗੁਰੂ ਗ੍ਰੰਥ ਸਾਹਿਬ ਤੋਂ ਪ੍ਰਾਪਤ ਸਾਂਝੀਵਾਲਤਾ, ਸਾਰੀ ਮਨੁੱਖਤਾ ਨਾਲ ਪਿਆਰ, ਸਮਾਜ ਦੇ ਅਖੌਤੀ ਨੀਚ ਵਰਗ ਨੂੰ ਗਲੇ ਲਗਾਉਣ ਦੀ ਚਾਹਤ, ਆਪਣੇ ਗੁਨਾਹਾਂ ਤੇ ਪਸ਼ਚਾਤਾਪ ਤੇ ਪ੍ਰਭੂ ਦਾ ਨਿਰੰਤਰ ਧੰਨਵਾਦ ਕਰਦਿਆਂ ਉਸਦੀ ਹਜ਼ੂਰੀ ਵਿਚ ਰਹਿਣਾ, ਸਭ ਦੇ ਭਲੇ ਦੀ ਤੀਬਰ ਚਾਹਤ, ਦੂਜਿਆਂ ਦਾ ਦੁਖ ਦੂਰ ਕਰਨ ਦੀ ਦਿਲੀ ਚਾਹਤ, ਸਾਰੇ ਧਰਮਾਂ ਦਾ ਮਨ ਵਿਚ ਸਤਿਕਾਰ, ਸਾਰੇ ਧਰਮਾਂ ਦੇ ਸੰਤਾਂ-ਭਗਤਾਂ, ਪੀਰਾਂ ਗੁਰੂਆਂ ਪ੍ਰਤੀ ਆਦਰ ਤੇ ਸਤਿਕਾਰ ਰੱਖਦਿਆਂ, ਆਪਣੇ ਗੁਰੂ ਤੇ ਅਟੁਟ ਸ਼ਰਧਾ ਤੇ ਵਿਸ਼ਵਾਸ ਇਹ ਗੁਰੂ ਦੇ ਦੱਸੇ ਕੁਝ ਗੁਰ ਹਨ ਜਿਨ੍ਹਾਂ ਤੇ ਅਮਲ ਦੀ ਕੋਸ਼ਿਸ਼ ਕਰਕੇ ਅਸੀਂ ਮਨੁੱਖਤਾ ਦੇ ਸੇਵਕ ਬਣ ਸਕਦੇ ਹਾਂ। ਉਨ੍ਹਾਂ ਬੜੇ ਪਿਆਰ ਨਾਲ ਆਪਣੇ ਨਿਜੀ ਅਨੁਭਵ ਵੰਡਦਿਆਂ ਦੱਸਿਆ ਕਿ ਕਿਵੇਂ ਲੰਡਨ ਦੀ Metro Rail ਵਿਚ ਇਕ ਨੌਜਵਾਨ ਪਾਕਿਸਤਾਨੀ ਡਾਕਟਰ ਨੂੰ ਜਦੋਂ ਉਨ੍ਹਾਂ ਪੰਜੇ ਵਕਤ ਨਮਾਜ ਪੜ੍ਹਨ ਤੇ ਡਾਕਟਰੀ ਦੀ ਟ੍ਰੇਨਿੰਗ ਪੂਰੀ ਕਰਕੇ ਆਪਣੇ ਵਤਨ ਵਾਪਸ ਜਾ ਕੇ ਗਰੀਬਾਂ ਦੀ ਸੇਵਾ ਕਰਨ ਦਾ ਫਰਜ਼ ਯਾਦ ਕਰਾਇਆ ਤਾਂ ਉਹ ਹੈਰਾਨ ਰਹਿ ਗਿਆ ਸੀ ਤੇ ਸ਼ੁਕਰਾਨਾ ਕਰਦਿਆਂ ਵਿਦਾ ਹੋਇਆ। ਇਸੇ ਤਰ੍ਹਾਂ ਜਦੋਂ ਉਨ੍ਹਾਂ ਪੈਰਿਸ ਵਿਚ ਪੋਸਟਿੰਗ ਦੌਰਾਨ ਇਕ 90 ਸਾਲਾਂ ਦੀ ਬੁੱਢੀ ਕ੍ਰਿਸ਼ਚਿਅਨ ਮਾਂ ਦੀ ਸੇਵਾ ਕਰਦਿਆਂ ਵਾਰ ਵਾਰ ਕਿਹਾ ਸੀ ਕਿ ਉਹ ਹਰ ਵਕਤ ਜੀਸਸ ਨੂੰ ਯਾਦ ਕਰਿਆ ਕਰੇ ਤਾਂ ਇਕੱਲਾਪਨ ਮਹਿਸੂਸ ਨਹੀਂ ਕਰੇਗੀ, ਤਾਂ ਉਸ ਮਾਂ ਨੇ ਕਿਹਾ ਸੀ ਭਾਵੇਂ ਤੂੰ ਕਹਿੰਦਾ ਹੈ ਕਿ ਤੂੰ ਕ੍ਰਿਸ਼ਚਿਅਨ ਨਹੀਂ ਸਿੱਖ ਹੈ ਪਰ ਮੇਰੇ ਲਈ ਤਾਂ ਤੂੰ ਹੋਰਨਾਂ ਨਾਲੋ ਚੰਗਾ ਕ੍ਰਿਸ਼ਚੀਅਨ ਹੈ ਕਿਉਂਕਿ ਤੂੰ ਜੀਸਸ ਵਿਚ ਮੇਰਾ ਸਿਦਕ ਮੁੜ ਬਹਾਲ ਕਰ ਦਿੱਤਾ ਹੈ। ਇਸੇ ਤਰ੍ਹਾਂ ਕੋਹੜ ਦੇ ਮਰੀਜ਼ਾਂ ਨੂੰ ਜੋ ਸਾਰੇ ਗੈਰਸਿੱਖ ਹਨ ਜਦੋਂ ਸਿੱਖ ਨੇ ਪ੍ਰਭੂ ਤੋਂ ਪ੍ਰਾਪਤ ਪਿਆਰ ਨਿਸ਼ਕਾਮ ਭਾਵਨਾ ਨਾਲ ਵੰਡਿਆ ਤਾਂ ਉਹ ਪਿਆਰ ਉਨ੍ਹਾਂ ਦੇ ਮਨਾਂ ਨੂੰ ਟੁੰਬ ਗਿਆ ਤੇ ਉਹ ਵੀ ਸਿੱਖ ਨੂੰ ਆਪਣਾ ਸਮਝਣ ਲੱਗ ਪਏ, ਸਿੱਖ ਤਾਂ ਪਹਿਲਾਂ ਹੀ ਉਨ੍ਹਾਂ ਨੂੰ ਆਪਣੇ ਸਮਝਦਾ ਸੀ, ਆਪਣੇ ਗੁਰੂ ਦੀ ਸਿੱਖਿਆ, ਮਾਨਸ ਕੀ ਜਾਤ ਸਬੈ ਏਕੈ

ਪਹਚਾਨਬੋ" ਅਨੁਸਾਰ। ਇਹ ਗੱਲਾਂ ਸੁਣ ਕੇ ਮੀਟਿੰਗ ਵਿਚ ਬੈਠੀ 80 ਸਾਲਾਂ ਦੀ ਇਕ sister ਕਹਿਣ ਲੱਗੀ, ਮੇਰਾ ਬੜਾ ਸੁਭਾਗ ਹੈ ਕਿ ਮੈਂ ਅੱਜ ਇਸ ਬੈਠਕ ਵਿਚ ਆਈ। ਸਿੱਖ ਨੂੰ ਮੁਖਾਤਬ ਹੋ ਕ਼ਕੇ ਕਿਹਾ। ਇਹਨਾਂ ਦੀ ਗੱਲਾਂ ਸੁਣ ਕੇ ਪ੍ਰਭੂ ਵਿਚ ਮੇਰਾ ਸਿਦਕ ਤੇ ਵਿਸ਼ਵਾਸ ਹੋਰ ਦ੍ਰਿੜ ਹੋਇਆ ਹੈ। ਬੈਠਕ ਵਿਚ ਮੌਜੂਦ ਸਾਰੇ ਲੋਕ ਬੜੇ ਪ੍ਰਭਾਵਿਤ ਸਨ, ਅਸਾਂ ਸਾਰਿਆਂ ਰੱਜ ਰੱਜ ਕੇ ਸ਼ਹਿਰੀਆਂ ਕੋਲੋਂ ਪਿਆਰ ਪ੍ਰਾਪਤ ਕੀਤਾ ਗੁਰੂ ਦੀਆਂ ਗੱਲਾਂ ਤੇ ਗੁਰੂ ਦੇ ਉਪਦੇਸ਼ਾਂ ਤੇ ਆਧਾਰਤ ਅਮਲੀ ਜੀਵਨ ਦੇ ਅਨੁਭਵ ਸਾਂਝੇ ਕੀਤੇ।

ਪ੍ਰੇਮ ਟੋਲੀ ਫਿਰ ਪਹੁੰਚੀ District Jail, Jamshedpur ਦੇ ਕੈਦੀਆਂ ਨਾਲ ਪ੍ਰਭੂ ਦਾ ਪਿਆਰ ਸਾਂਝਾ ਕਰਨ। ਗੁਰੂ ਪਿਆਰੇ ਹਰ ਐਤਵਾਰ ਇਕ ਡੇਢ ਘੰਟਾ ਜੇਲ੍ਹ ਦੇ Juvenile Ward ਵਿਚ ਨੌਜਵਾਨ ਕੈਦੀਆਂ ਨਾਲ ਸਤਿਸੰਗ ਕਰਦੇ ਹਨ ਤੇ ਇਹ ਸਮਝਣ ਸਮਝਾਣ ਦੀ ਕੋਸ਼ਿਸ਼ ਕਰਦੇ ਹਨ ਕਿ ਇਨਸਾਨ ਹੋਣ ਦੇ ਨਾਤੇ ਸਾਡੀ ਜ਼ਿੰਦਗੀ ਦਾ ਮਕਸਦ ਕੀ ਹੈ। ਜੇਲ੍ਹ ਅੰਦਰ ਹੋਈ ਸਭਾ ਵਿਚ ਉਸ ਦਿਨ ਸਾਰੇ ਕੈਦੀ (700-750) ਹਾਜ਼ਰ ਸਨ ਤੇ ਉਨ੍ਹਾਂ ਬੜੇ ਧਿਆਨ ਨਾਲ ਪਹਿਰਾ ਇਹ ਭਜਨ ਸੁਣਿਆ ਪ੍ਰੇਮ ਟੋਲੀ ਕੋਲੋ:

ਮਹਿਲੋ ਮੇ ਨਹੀਂ ਕੁਟੀਉਂ ਮੇਂ ਨਹੀਂ,ਜੰਗਲੋਂ ਮੇ। ਨਹੀਂ ਬੰਗਲੋਂ ਮੇਂ ਨਹੀਂ।

ਹੈ ਪ੍ਰੇਮ ਜਹਾਂ ਭਗਵਾਨ ਵਹੀਂ, ਹੈ ਪ੍ਰੇਮ ਜਹਾਂ...

ਮਨ ਮੇਂ ਹੀ ਜਪੋ ਉਸਕੀ ਮਾਲਾ ਸਭ ਜਾਨਤਾ ਹੈ ਜਾਨਨ ਵਾਲਾ

ਜੰਤਰ ਮੇਂ ਨਹੀਂ ਮੰਤਰ ਮੇਂ ਨਹੀਂ, ਹੈ ਪ੍ਰੇਮ ਜਹਾਂ ਭਗਵਾਨ ਵਹੀਂ।

ਤਜ ਕਰ ਮੇਵੇ ਦੁਰਯੋਧਨ ਕੇ ਮਿਹਮਾਨ ਬਨੇ ਇਕ ਨਿਰਧਨ ਕੇ।

ਰਾਜੋਂ ਮੈਂ ਨਹੀਂ ਤਾਜੋਂ ਮੇਂ ਨਹੀਂ, ਹੈ ਪ੍ਰੇਮ ਜਹਾਂ ਭਗਵਾਨ ਨਹੀਂ।

ਐ ਸੇਵਕ ਤੂੰ ਸੱਚੇ ਮਨ ਸੇ ਕਰ ਪ੍ਰੀਤ ਪ੍ਰਭੂ ਕੇ ਚਰਨਨ ਸੇ।

ਕਹੇ ਬੇਦ ਵਹੀ, ਸਭ ਸਾਸਤ੍ਰ ਵਹੀ, ਹੈ ਪ੍ਰੇਮ ਜਹਾਂ ਭਗਵਾਨ ਵਹੀ।'

ਇਹ ਸੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਸੰਦੇਸ਼ ਜਿਨਿ ਪ੍ਰੇਮ ਕੀਓ ਤਿਨਿ ਹੀ ਪ੍ਰਭ ਪਾਇਓ ਦਾ ਸਾਰ ਉਹ ਬੋਲੀ ਤੇ ਸ਼ਬਦਾਵਲੀ ਵਿਚ ਜੋ ਕੈਦੀ ਆਸਾਨੀ ਨਾਲ ਸਮਝ ਸਕਦੇ ਹਨ।

ਫਿਰ ਗੁਰਮੁਖ ਪਿਆਰਿਆਂ ਨੇ ਕੈਦੀਆਂ ਦੇ ਮਨਾਂ ਤੇ ਪਿਆਰ ਦੇ ਤੀਰ ਮਾਰਦਿਆਂ ਕਿਹਾ ਅਸੀਂ ਸਾਰੇ ਕੈਦੀ ਹਾਂ, ਫਰਕ ਇਤਨਾ ਹੈ ਕਿ ਆਪਦਾ ਤਨ ਕੈਦੀ ਹੈ, ਆਪ ਅਪਰਾਧ ਕਰਦਿਆਂ ਪਕੜੇ ਗਏ ਪਰ ਮੇਰਾ ਮਨ ਪੰਜਾ ਚੋਰਾਂ ਦੀ ਕੈਦ ਵਿਚ ਹਰ ਵੇਲੇ ਰਹਿੰਦਾ ਹੈ, ਪ੍ਰਭੂ ਨੇ ਮੇਰੇ ਪਰਦੇ ਕਜੇ ਹੋਏ ਨੇ ਤੇ ਮੇਰੇ ਗੁਨਾਹ ਅਜੇ ਦੁਨੀਆਂ ਦੇ ਕਾਨੂੰਨ ਦੀ ਪਕੜ ਵਿਚ ਨਹੀਂ ਆਏ। ਸੋ ਆਪ ਨਿਰਾਸ਼ ਨਾ ਹੋਵੋ, ਹੰਭਲਾ ਮਾਰੋ ਇਹ ਜੋ ਸਮਾ ਕੈਦ ਵਿਚ ਗੁਜ਼ਾਰ ਰਹੇ ਹੋ ਇਸਦਾ ਸਹੀ ਇਸਤੇਮਾਲ ਕਰਦਿਆਂ ਪ੍ਰਭੂ ਦੀ ਹਜ਼ੂਰੀ ਵਿਚ ਰਹਿਣਾ ਸਿੱਖੋ, ਹਰ ਸਾਹ ਵਿਚ ਪ੍ਰਭੂ ਨੂੰ ਯਾਦ ਕਰੋ ਤੇ ਉਸਦਾ ਸ਼ੁਕਰਾਨਾ ਕਰੋ ਆਪਣੇ ਗੁਨਾਹਾਂ ਦੇ ਪਸ਼ਚਾਤਾਪ ਕਰਦਿਆਂ ਤੇ ਮੁਆਫੀ ਮੰਗਦਿਆਂ। ਇਸ ਤਰ੍ਹਾਂ ਆਪਦਾ ਮਨ ਢਹਿੰਦੀ ਕਲਾ ਵਿਚ ਨਹੀਂ ਜਾਏਗਾ। ਆਪਣਾ ਸਮਾ ਵੀ ਜਲਦ ਤੇ ਸਹੀ ਢੰਗ ਨਾਲ ਗੁਜ਼ਰੇਗਾ ਤੇ ਆਪ ਜੇਲ੍ਹ ਵਿਚੋਂ ਇਕ ਚੰਗੇ ਇਨਸਾਨ ਬਣ ਕੇ ਨਿਕਲੋਗੇ। ਇਸ ਤਰ੍ਹਾਂ ਪ੍ਰਭੂ ਕਿਰਪਾ ਸਦਕਾ ਜੇਲ੍ਹ ਵਿਚ ਵੀ ਮਾਹੌਲ ਪ੍ਰਭੂ ਪਿਆਰ ਵਾਲਾ ਬਣ ਗਿਆ ਤੇ ਸਾਰਿਆਂ ਨੇ ਇਸਦਾ ਨਿੱਘ ਮਾਣਿਆ।

ਪ੍ਰੇਮ ਟੋਲੀ ਇਕ ਬੰਗਾਲੀ ਫੈਮਿਲੀ ਨਾਲ ਵੀ ਮਿਲਣ ਗਈ। ਕਿਸਮਤ ਦੀ ਮਾਰ ਵੇਖੋ ਪਰਿਵਾਰ ਦੇ ਮੁਖੀ ਰੇਲਵੇ ਦੀ ਨੌਕਰੀ ਤੋਂ ਰਿਟਾਇਰ ਹੋਣ ਤੋਂ ਬਾਅਦ ਕੈਂਸਰ ਦਾ ਸ਼ਿਕਾਰ ਹੋ ਕੇ ਪ੍ਰਭੂ ਦਾ ਪਿਆਰਾ ਬਣ ਗਿਆ ਤੇ ਪਿੱਛੇ ਪਤਨੀ ਤੋਂ ਇਲਾਵਾ ਤਿੰਨ ਜੁਆਨ ਬੇਟੀਆਂ ਛੱਡ ਗਿਆ; ਇਹਨਾਂ ਤੋਂ ਇਕ ਪੂਰੀ ਤਰ੍ਹਾਂ ਅੰਨੀ ਹੈ। ਦੂਜੀ ਦਾ ਵਿਆਹ ਹੋ ਕੇ ਫੇਲ੍ਹ ਹੋ ਗਿਆ ਹੁਣ ਘਰ ਬੈਠੀ ਹੈ ਤੇ ਤੀਸਰੀ ਦੀ ਅੱਖਾਂ ਦੀ ਰੋਸ਼ਨੀ ਵੀ ਜਾ ਰਹੀ ਹੈ। ਬੁੱਢੀ ਮਾਂ ਤੇ ਇਤਨਾ ਹੀ ਬੋਝ ਕਾਫੀ ਨਹੀਂ ਸੀ, ਵੱਡੀ ਬੇਟੀ ਕਿਸੇ blind school ਵਿਚ ਪੜ੍ਹਾਉਂਦੀ ਸੀ। ਉਥੇ ਉਹ ਸਕੂਲ ਦੀ ਛੱਡ ਤੇ ਗਿੱਲੇ ਕੱਪੜੇ ਪਾਉਣ ਲੱਗੀ ਗਿਰ ਗਈ ਤੇ ਸਾਰੀ ਉਮਰ ਲਈ ਅਪਾਹਿਜ ਹੋ ਗਈ। ਮਾਂ ਦੀ ਥੋੜ੍ਹੀ ਜਿਹੀ ਪੈਨਸ਼ਨ ਦੇ ਇਲਾਵਾ ਹੋਰ ਕੋਈ ਆਮਦਨੀ ਨਹੀਂ। ਕਿਸਮਤ ਦੇ ਮਾਰੇ ਇਸ ਪਰਿਵਾਰ ਨਾਲ ਜਦੋਂ ਪ੍ਰੇਮ-ਟੋਲੀ ਨੇ ਹਮਦਰਦੀ ਜਤਾਈ, ਪ੍ਰਭੂ ਦੇ ਪਿਆਰ ਦਾ ਸਹਾਰਾ ਦਿੱਤਾ ਤਾਂ ਦੁਖੀ ਹਿਰਦਿਆਂ ਨੂੰ ਬੜਾ ਸਕੂਨ ਮਿਲਿਆ। ਗੁਰਮੁਖ ਪਿਆਰਿਆਂ ਨੇ ਉਨ੍ਹਾਂ ਨੂੰ ਇਹ ਗੱਲ ਦ੍ਰਿੜ ਕਰਾਉਣ ਦੀ ਕੋਸ਼ਿਸ਼ ਕੀਤੀ ਕਿ ਹਾਲਤ ਜੋ ਵੀ ਹਨ ਪ੍ਰਭੂ ਨੂੰ ਯਾਦ ਰੱਖੋ, ਰਜ਼ਾ ਵਿਚ ਰਾਜ਼ੀ ਰਹਿਣਾ ਸਿੱਖੋ, ਸ਼ਿਕਾਇਤ ਨਾ ਕਰੋ, ਪ੍ਰਭੂ ਜ਼ਰੂਰ ਕ੍ਰਿਪਾ ਕਰਨਗੇ। ਦਿਨ ਬਦਲਣਗੇ, ਉਸ ਇਕ ਨੂੰ ਸਹਾਰਾ ਬਣਾਓ ਫਿਰ ਸਾਰੀ ਦੁਨੀਆਂ ਸਹਾਰਾ ਦੇਣ ਲਈ ਅੱਗੇ ਆਏਗੀ। ਨਾਲ ਹੀ ਉਸ ਫੈਮਿਲੀ ਦੇ ਸਿਰ ਤੇ ਇਕ ਛੋਟੀ ਜਿਹੀ ਛੱਤ ਹੋ ਜਾਏ, ਇਸ ਉਪਰਾਲੇ ਲਈ ਪ੍ਰੇਮ ਟੋਲੀ ਨੇ ਉਨ੍ਹਾਂ ਦੀ ਮਾਲੀ ਇਮਦਾਦ ਵੀ ਕੀਤੀ ਤੇ ਪ੍ਰਭੂ ਦਾ ਸ਼ੁਕਰਾਨਾ ਕੀਤਾ ਕਿ ਦਿਆਲੂ ਪਿਤਾ ਨੇ ਸਾਨੂੰ ਸੇਵਾ ਦਾ ਸੁਭਾਗ ਮੌਕਾ ਬਖਸ਼ਿਆ।

ਇਸ ਤਰ੍ਹਾਂ ਇਕ ਹੋਰ ਗਰੀਬ ਸਿੰਧੀ ਪਰਿਵਾਰ ਦਾ ਬੱਚਾ ਜੋ ਇੰਜੀਨੀਅਰਿੰਗ ਦੀ ਪੜ੍ਹਾਈ ਕਰਨਾ ਚਾਹੁੰਦਾ ਸੀ ਪਰ ਪੈਸੇ ਦੀ ਘਾਟ ਕਰਕੇ ਪੜ੍ਹ ਨਹੀਂ ਸਕਿਆ ਤੇ ਇਕ ਸਾਲ ਘਰ ਬੈਠਾ ਰਹਿ ਗਿਆ। ਉਸਦੀ ਮਦਦ ਕਰਨ ਦਾ ਮੌਕਾ ਬਖਸ਼ਿਆ ਪ੍ਰਭੂ ਨੇ। ਚੈਰੀਟੇਬਲ ਸੁਸਾਇਟੀ ਵੱਲੋਂ ਪਿਛਲੇ ਦੋ ਸਾਲਾਂ ਤੋਂ,ਨਾਗਪੁਰ ਵਿਖੇ ਪੜ੍ਹ ਰਹੇ ਇਸ ਬੱਚੇ ਨੂੰ ਪੜ੍ਹਾਈ ਦਾ ਸਾਰਾ ਖਰਚ ਦਿੱਤਾ ਜਾਂਦਾ ਹੈ ਤੇ ਜਿੱਥੇ ਇਹ ਪਰਿਵਾਰ ਗੁਰੂ ਨਾਨਕ ਦੀ ਫੁਲਵਾੜੀ ਦੇ ਮੈਂਬਰਾਂ ਦੀ ਇਸ ਕੋਰਨੀ ਤੋਂ ਹੈਰਾਨ ਰਹਿ ਗਿਆ ਹੈ ਉਥੇ ਪ੍ਰੇਮ ਟੋਲੀ ਹਰ ਵੇਲੇ ਤਹਿ ਦਿਲੋਂ ਗੁਰੂ ਦਾ ਸ਼ੁਕਰਾਨਾ ਕਰਦੀ ਹੈ। ਜਿਸਨੇ ਸਾਨੂੰ ਇਹ ਪੜ੍ਹਾਈ ਸਿਲਾਈ ਤੇ ਸਾਡੇ ਵਰਗੇ ਕੀੜਿਆਂ ਨੂੰ ਆਪਣਾ Instrument ਬਣਾ ਕੇ ਆਪਣਾ ਕੰਮ ਕਰਵਾ ਰਿਹਾ ਹੈ।

ਸਤਿਗੁਰ ਕ੍ਰਿਪਾ ਕਰਨ ਅਸੀਂ ਜਾਗੀਏ, ਸਿੱਖ ਹੋਣ ਦੇ ਨਾਤੇ ਆਪਣਾ ਸਿੱਖੀ ਫਰਜ਼ ਪਛਾਣੀਏ ਸਿੱਖ ਦਾ ਕੰਮ ਹੈ। ਸਾਰੀ ਮਨੁੱਖਤਾ ਦੀ ਸੇਵਾ ਕਰਨਾ, ਸਿੱਖ ਦਾ ਕੰਮ ਹੈ ਸਭ ਨਾਲ ਪਿਆਰ ਕਰਨਾ, ਸਿੱਖ ਦਾ ਕੰਮ ਹੈ ਸਭ ਦਾ ਭਲਾ ਮੰਗਣਾ, ਸਿੱਖ ਦਾ ਕੰਮ ਹੈ ਹਰ ਵੇਲੇ ਪ੍ਰਭੂ ਦੀ ਯਾਦ ਵਿਚ ਰਹਿਣਾ ਤੇ ਸਿੱਖ ਦਾ ਕੰਮ ਹੈ ਹਰ ਵੇਲੇ ਪ੍ਰਭੂ ਦਾ ਸ਼ੁਕਰ ਕਰਨਾ। ਇਸ ਤਰ੍ਹਾਂ ਅਸੀਂ ਸਿੱਖ ਜੇ ਸਿੱਖ ਬਣ ਜਾਈਏ ਤਾਂ ਸਾਰੀ ਦੁਨੀਆਂ ਅੰਦਰ ਗੁਰੂ ਨਾਨਕ ਦੀ ਵਡਿਆਈ ਪ੍ਰਗਟ ਹੋ ਜਾਏਗੀ।

ਸੀ-131, ਸੋਨਾਰੀ ਵੈਸਟ ਜਮਸ਼ੇਦਪੁਰ (ਝਾਰਖੰਡ) 831001


**APPEAL**

HELP NEEDY

SHARE THE BLESSINGS

HELP NEEDY

OUR MISSION : TO PROVIDE

- Medical
- Educational
- Vocational
- Community Welfare Services in Deep Rural - Remote Hilly Areas

**YOUR NOBLE GESTURES ENABLED US TO CONTINUE SEWAS**

for the last Sixteen years

AN ISO 9001 - 2000 CERT. TRUST

**SEWAKS' Charitable Trust (Regd.)**

Regd. Office : SCO 1104 - 05, First Floor, Sector 22-B, Chandigarh-160 022

Tele : 93161-36238, 98786-36268, 98141-01806

E-mail : sewaks@sewaks-helpneedy.com, website : www.sewaks-helpneedy.com

B.O. : 2477, 15TH LANE, DASMESH NAGAR, GILL ROAD, LUDHIANA PH.: 2490820, MOB.: 98156-18154

TRUST CENTRE HARYANA : Sewaks' Sewa Centre, Lal Kothi, Village Behlon, Morni Hills, Panchkula

TRUST CENTRE PUNJAB : Medical Sewa Centre, Village Jhanjeri, P.O. Landran, Tehsil Kharar, Distt. S.A.S Nagar

ASSOCIATES : Gurmat Parsar Medical Sewa Centre, Mundi Kharar, Distt. S.A.S Nagar (Punjab)

ASSIST-HELP : Like minded Charitable Institutes having similar Aims & Objects

**IN THE SERVICE OF HUMANITY, SINCE 1994**

# ਚੀਫ ਖਾਲਸਾ ਦੀਵਾਨ ਦੀ ਗੁਰਮਤਿ ਸੰਗੀਤ ਨੂੰ ਦੇਣ

ਡਾ. ਜਾਗੀਰ ਸਿੰਘ

ਚੀਫ ਖਾਲਸਾ ਦੀਵਾਨ ਵੱਲੋਂ ਜਦੋਂ ਐਜੂਕੇਸ਼ਨ ਕਮੇਟੀ ਦੀ ਸਥਾਪਨਾ ਕੀਤੀ ਗਈ ਤਾਂ ਇਸ ਦੇ ਉਦੇਸ਼ਾਂ ਵਿੱਚ ਧਾਰਮਿਕ ਵਿਦਿਆ ਨੂੰ ਪ੍ਰਫੁੱਲਤ ਕਰਲ ਲਈ ਉਚੇਚੇ ਜਤਨ ਕਰਨ ਦਾ ਉਦੇਸ਼ ਵੀ ਸ਼ਾਮਲ ਕੀਤਾ ਗਿਆ।

ਕਾਨਫਰੰਸਾਂ ਵਿੱਚ ਧਾਰਮਿਕ ਦੀਵਾਨ ਅਤੇ ਕੀਰਤਨ ਦਰਬਾਰ ਸਜਾਉਣ ਦੀ ਪਿਰਤ ਪਾਈ ਗਈ ਸੀ। ਇਸ ਲੇਖ ਵਿੱਚ ਕੀਰਤਨ ਦਰਬਾਰਾਂ ਅਤੇ ਗੁਰਮਤਿ ਸੰਗੀਤ ਦੇ ਪ੍ਰਚਾਰ ਬਾਰੇ ਜੋ ਜਤਨ ਸਿੱਖ ਵਿਦਿਅਕ ਕਾਨਫ੍ਰੰਸਾਂ ਵਿੱਚ ਹੋਏ ਉਹਨਾਂ ਬਾਰੇ ਵਰਣਨ ਕੀਤਾ ਜਾ ਰਿਹਾ ਹੈ। ਚੀਫ ਖਾਲਸਾ ਦੀਵਾਨ ਦੀ ਐਜੂਕੇਸ਼ਨ ਕਮੇਟੀ ਵੱਲੋਂ 1958 ਵਿੱਚ ਗੋਲਡਨ ਜੁਬਲੀ ਬੁਕ ਪ੍ਰਕਾਸ਼ਿਤ ਕੀਤੀ ਗਈ। ਇਸ ਵੱਖ ਵੱਖ ਕਾਨਫ੍ਰਸਾਂ ਦੇ ਵੇਰਵੇ ਦਿੱਤੇ ਗਏ ਹਨ। ਗੁਰਮਤਿ ਸੰਗੀਤ ਅਰਥਾਤ ਗੁਰਬਾਣੀ ਕੀਰਤਨ ਸਮਾਗਮਾਂ ਦਾ ਵੀ ਇਸ ਵਿੱਚ ਵਰਣਨ ਕੀਤਾ ਗਿਆ ਹੈ। ਇਸ ਬਾਰੇ ਗੋਲਡਨ ਜੁਬਲੀ ਬੁਕ ਦੇ ਪੰਨਾ 2● ਉਤੇ ਲਿਖਿਆ ਹੈ–

ਸਿਖ ਵਿਦਿਅਕ ਪਰਨਾਲੀ ਵਿੱਚ ਕੀਰਤਨ ਦੀ ਵਿਸ਼ੇਸ਼ ਥਾਂ ਹੈ। ਕੀਰਤਨ ਦਵਾਰਾ ਦਿੱਤੀ ਸਿੱਖਿਆ ਸਾਡੇ ਮਨਾਂ ਤੇ ਵਿਸ਼ੇਸ਼ ਪ੍ਰਭਾਵ ਪਾਂਦੀ ਹੈ। ਇਸ ਤੋਂ ਬਿਨਾਂ ਕੀਰਤਨ ਇਕ ਸ਼ੁਧ ਸੂਖਸ਼ਮ ਕਲਾ ਹੈ ਜਿਸ ਦਾ ਜਾਨਣਾ ਹਰ ਇਕ ਦਾ ਫਰਜ਼ ਹੈ। ਗੁਰੂ ਸਾਹਿਬਾਨ ਨੇ ਰਾਗ ਵਿਦਿਆ ਦੀ ਮਹਾਨਤਾ ਨੂੰ ਮੁਖ ਰਖਦਿਆਂ ਸਾਰੇ ਗੁਰੂ ਗ੍ਰੰਥ ਸਾਹਿਬ ਨੂੰ ਰਾਗਾਂ ਅਨੁਸਾਰ ਰਚਿਆ ਤੇ ਰਾਗਾਂ ਵਿੱਚ ਬਾਣੀ ਗਾਇਨ ਕਰਨ ਦੀ ਲੀਹ ਤੋਰੀ।

ਰਾਗ ਵਿਦਿਆ ਦੇ ਪਰਚਾਰ ਲਈ ਤੇ ਚੰਗੇ ਚੰਗੇ ਕੀਰਤਨੀ ਜਥਿਆਂ ਨੂੰ ਉਤਸ਼ਾਹ ਦੇਣ ਲਈ ਕਾਨਫ੍ਰੰਸ ਦੇ ਪਹਿਲੇ ਦਿਨ ਕੀਰਤਨ ਦਰਬਾਰ ਹੁੰਦਾ ਸੀ। ਇਸ ਵਿੱਚ ਸ਼੍ਰੋਮਣੀ ਕੀਰਤਨੀ ਜਥੇ ਕੀਰਤਨ ਕਰਦੇ ਸਨ ਤੇ ਪਹਿਲੇ ਦੂਜੇ ਤੇ ਤੀਜੇ ਦਰਜੇ ਤੇ ਆਏ ਜਥਿਆਂ ਨੂੰ ਇਨਾਮ ਮਿਲਦਾ ਸੀ। ਕੀਰਤਨ ਕਰਨ ਲਈ ਰਾਗ ਪਹਿਲਾਂ ਦਸਿਆ ਹੁੰਦਾ ਸੀ।

ਕੀਰਤਨ ਨੂੰ ਚਾਰ ਹਿੱਸਿਆਂ ਵਿੱਚ ਵੰਡ ਕੇ ਪਰਖ ਕੀਤੀ ਜਾਂਦੀ ਸੀ–

1. ਰਾਗ (ਸੁਰ, ਤਾਲ ਲੈ ਆਦਿ)
2. ਸ਼ੁਧ ਬਾਣੀ
3. ਸਪਸ਼ਟ ਅਲਾਪ
4 ਸ਼੍ਰੋਤਿਆਂ ਪਰ ਪ੍ਰਭਾਵ

ਹਰ ਇਕ ਹਿਸੇ ਦੇ ਅੱਡ ਅੱਡ ਨੰਬਰ ਮੁਕਰਰ ਹੁੰਦੇ ਸਨ। ਚਾਰ ਹੀ ਜੱਜ ਹੁੰਦੇ ਸਨ ਜੋ ਆਪਣੇ ਆਪਣੇ ਨੰਬਰ ਦਿੰਦੇ ਹਨ ਫਿਰ ਜੋੜ ਕਰਕੇ ਨਤੀਜਾ ਕੱਢਿਆ ਜਾਂਦਾ ਸੀ।

ਗੁਰਮਤਿ ਸੰਗੀਤ ਦੀ ਸਿਖਲਾਈ ਦਾ ਪ੍ਰਬੰਧ ਕਰਨ ਦੀ ਲੋਚਾ ਵੀ ਸਿੱਖ ਐਜੂਕੇਸ਼ਨ ਦੇ ਪ੍ਰਬੰਧਕਾਂ ਦੇ ਮਨਾਂ ਵਿਚ ਰਹਿੰਦੀ ਸੀ। ਗਿਆਰਵੀਂ ਕਾਨਫ੍ਰੰਸ ਜੋ ਗੁਜਰਾਂਵਾਲੇ ਵਿੱਚ ਹੋਈ ਉਸ ਦੀ ਸਵਾਗਤੀ ਕਮੇਟੀ ਦੇ ਪ੍ਰਧਾਨ ਸ੍ਰ. ਮੰਗਲ ਸਿੰਘ ਮਾਨ ਰਈਸ ਕੋਟ ਸ਼ੇਰਾਂ ਨੇ ਆਪਣੇ ਭਾਸ਼ਣ ਵਿੱਚ ਸਿੱਖ ਵਿਦਿਅਕ ਸੰਸਥਾਵਾਂ ਬਾਰੇ ਕਿਹਾ ਸੀ–

ਨਿਤਾਪ੍ਰਤੀ ਆਸ਼੍ਰਮਾਂ ਵਿੱਚ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹੋਵੇ ਤੇ ਸ਼ਾਮ ਵੇਲੇ ਸੋਦਰ ਦੇ ਦੀਵਾਨ ਸਜਣ ਦੀ ਰੀਤ ਪ੍ਰਚਲਤ ਕੀਤੀ ਜਾਵੇ। ਇਸ ਦੇ ਨਾਲ ਰਾਗ ਵਿਦਿਆ ਤੇ ਸਧਾਰਨ ਕੀਰਤਨ ਦੀ ਸਿਖਲਾਈ ਦਾ ਪ੍ਰਬੰਧ ਪੰਥ ਦੇ ਸਾਰੇ ਸਕੂਲਾਂ ਕਾਲਜਾਂ ਵਿੱਚ ਕੀਤਾ ਜਾਵੇ। (ਪੰਨਾ 39)

ਇਹਨਾਂ ਕਾਨਫ੍ਰੰਸਾਂ ਵਿੱਚ ਪ੍ਰਸਿੱਧ ਕੀਰਤਨੀਏ ਸਵੇਰੇ ਸ਼ਾਮ ਕੀਰਤਨ ਕਰਦੇ ਸਨ। ਪ੍ਰੰਦਰਵੀਂ ਕਾਨਫ੍ਰੰਸ ਜੋ 1924 ਵਿੱਚ ਪਟਿਆਲਾ ਵਿਖੇ ਹੋਈ ਸੀ। ਇਸ ਵਿੱਚ ਹੋਏ ਕੀਰਤਨ ਬਾਰੇ ਲਿਖਿਆ ਹੈ–ਧਾਰਮਿਕ ਦੀਵਾਨ ਸ੍ਰੀਗੁਰੂਸਿੰਘ ਸਭਾ ਦੀ ਆਲੀਸ਼ਾਨ ਇਮਾਰਤ ਦੇ ਖੁੱਲ੍ਹੇ ਵੇਹੜੇ ਵਿੱਚ ਸਜਦੇ ਰਹੇ। ਕਾਨਫ੍ਰੰਸ ਤੋਂ ਇੱਕ ਸਾਤਾ ਪਹਿਲਾਂ ਚੀਫ ਖਾਲਸਾ ਦੀਵਾਨ ਦੇ ਪ੍ਰਸਿਧ ਪ੍ਰਚਾਰਕ ਭਾਈ ਥਾਵਰ ਸਿੰਘ ਜੀ ਸਿੰਧੀ ਆਪਣੇ ਜਥੇ ਸਮੇਤ ਪੁਜੇ ਹੋਏ ਸਨ ਜੋ ਦੋਨੋਂ ਵੇਲੇ ਸ਼ਬਦ ਕੀਰਤਨ ਤੇ ਗੁਰੂਘਰ ਦੇ ਇਤਿਹਾਸ ਦਿਲ ਖਿਚਵੇਂ ਢੰਗ ਨਾਲ ਸੁਣਾਂਦੇ ਤੇ ਸੰਗਤਾਂ ਨੂੰ ਲਾਭ ਪੁਚਾਂਦੇ ਰਹੇ।

2● ਤਰੀਕ ਦੀ ਸਵੇਰ ਨੂੰ ਭਾਈ ਸਾਹਿਬ ਭਾਈ ਹੀਰਾ ਸਿੰਘ ਰਾਗੀ ਦਾ ਸ਼ਬਦ ਕੀਰਤਨ ਹੋਣਾ ਸੀ, ਜਿਸ ਲਈ ਸੰਗਤਾਂ ਭਾਈ ਸਾਹਿਬ ਦੇ ਸਾਹਮਣੇ ਬੈਠਣ ਦੀ ਖਿਚ ਨਾਲ ਖਿਚੀਆਂ ਹੋਈਆਂ ਸਾਢੇ ਤਿੰਨ ਵਜੇ ਸਵੇਰੇ ਹੀ ਦੀਵਾਨ ਅਸਥਾਨ ਤੇ ਪੁਜ ਗਈਆਂ।

ਭਾਈ ਸਾਹਿਬ ਨੇ ਆਸਾ ਦੀ ਵਾਰ ਲਗਾਈ। 4 ਵਜੇ ਦਾ ਵਕਤ, ਅੰਮ੍ਰਿਤ ਵੇਲੇ ਦਾ ਸਮਾਂ, ਭਾਈ ਸਾਹਿਬ ਦੀ ਰਸੀਲੀ ਮਿਠੀ ਮਿਠੀ, ਪਿਆਰੀ ਪਿਆਰੀ ਤੇ ਗਰਜਵੀਂ ਆਵਾਜ਼ ਵਿੱਚ ਧੁਰੋਂ ਆਈ ਬਾਣੀ ਦੇ ਉਚਾਰਨ ਨੇ ਸੰਗਤਾਂ ਨੂੰ ਰੱਬੀ ਰੰਗ ਵਿੱਚ ਰੰਗ ਦਿੱਤਾ ਤੇ ਸਾਰੇ ਪਾਸੇ ਮਗਨਤਾ ਦੀ ਹਾਲਤ ਤਾਰੀ ਕਰ ਦਿੱਤੀ। ਭਾਈ ਹੀਰਾ ਸਿੰਘ ਨੇ ਅੱਜ ਦੀ ਵਿਆਖਿਆ ਵਿੱਚ ਇੱਕ ਗੱਲ ਤੇ ਖਾਸ ਕਰਕੇ ਜ਼ੋਰ ਦਿਤਾ-

ਜਿਸੁ ਨਾਹੀ ਸੋ ਚੁਣਿ ਕਢੀਐ।। (ਗੋਲਡਨ ਜੁਬਲੀ ਬੁਕ ਪੰਨਾ 61)

ਭਾਈ ਹੀਰਾ ਸਿੰਘ ਜੀ ਦਾ ਵਿਦਿਅਕ ਕਾਨਫ੍ਰੰਸਾਂ ਵਿੱਚ ਮਹੱਤਵ ਪੂਰਨ ਸਥਾਨ ਰਿਹਾ ਹੈ। ਆਪ ਨੇ ਅਨੇਕਾਂ ਸਕੂਲ ਖੋਹਲਣ ਵਿੱਚ ਹਿੱਸਾ ਪਾਇਆ। ਉਹਨਾਂ ਦੇ ਅਕਾਲ ਚਲਾਣੇ ਉਪਰ ਵਿਸ਼ੇਸ਼ ਗੁਰਮਤਾ ਪਾਸ ਕੀਤਾ ਗਿਆ।

ਭਾਈ ਹੀਰਾ ਸਿੰਘ ਜੀ ਰਾਗੀ ਦੇ ਅਕਾਲ ਚਲਾਣੇ ਉਪਰ ਗੁਰਮਤਾ ਪਾਸ ਕੀਤਾ ਗਿਆ।

ਆਪ ਦੇ ਵਿਛੋੜੇ ਨਾਲ ਪ੍ਰਚਾਰ ਵਿੱਚ ਭਾਰੀ ਘਾਟਾ ਪਿਆ। ਪ੍ਰਚਾਰ ਲਈ ਆਪ ਦੀ ਲਗਨ ਅਦੁਤੀ ਸੀ। ਆਪ ਦਾ ਆਪਣਾ ਜੀਵਨ ਇਸ ਦੀ ਰੌਸ਼ਨ ਮਿਸਾਲ ਸੀ।--- ਭਾਈ ਹੀਰਾ ਸਿੰਘ ਵਿੱਚ ਇਹ ਖੂਬੀ ਸੀ। ਵੇਖਣ ਵਾਲੇ ਦਸਦੇ ਹਨ ਕਿ ਆਪ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਬੈਠਕੇ ਕਰੀਬ ਸਵਾ ਘੰਟਾ ਸਿਮਰਨ ਕਰਦੇ ਤੇ ਫੇਰ ਕੀਰਤਨ ਲਈ ਜਾਂਦੇ ਸਨ। ਕਦੇ ਰਾਤ ਦੇ ਦੋ ਵਜੇ ਉਠ ਕੇ ਵਾਜਾ ਲੈ ਕੇ ਇਕਾਂਤ ਵਿੱਚ ਚਲੇ ਜਾਣਾ ਤੇ ਉਥੇ ਜਾ ਕੇ ਇਕਾਂਤ (ਇਕ ਸਤਿਗੁਰੂਤੇ ਵਾਹਿਗੁਰੂਦੀ ਅੰਗ ਸੰਗ ਹਜ਼ੂਰੀ ਵਿੱਚ) ਕੀਰਤਨ ਕਰਨਾ। ਆਪ ਦੇ ਵਿਛੋੜੇ ਪਰ ਪ੍ਰੋਫੈਸਰ ਪੂਰਨ ਸਿੰਘ ਜੀ ਨੇ ਇਕ ਕਵਿਤਾ ਲਿਖੀ ਜੋ 3● ਸਤੰਬਰ 1926 ਦੇ ਖਾਲਸਾ ਸਮਾਚਾਰ ਵਿੱਚ ਛਪੀ ਸੀ-

ਕੋਇਲ ਵਾਂਗੂ ਕੂਕਿਆ ਤੂੰ,<br>
ਚਕੋਰ ਵਾਂਗੂਕੰਬੇ ਫੰਗ ਤੇਰੇ ਦੇਖ ਚੰਨ ਨੂੰ,----।<br>
ਸਤਾਰ ਸਰੀਰ ਵਾਲੀ ਟੁਟੀ ਢਾਢੀ ਗੁਰੂ ਪਿਆਰੇ ਦੀ,<br>
ਪਰ ਗੀਤ ਫੈਲੇ ਅੱਜ ਦਿਲਾਂ ਦੇ ਸੰਸਾਰ ਵਿੱਚ।

24ਵੀਂ ਕਾਨਫ੍ਰੰਸ ਜਿਹੜੀ ਰਾਵਲਪਿੰਡੀ ਵਿਚ ਹੋਈ ਸੀ ਇਸ ਵਿੱਚ ਹੋਏ ਕੀਰਤਨ ਸਮਾਗਮਾਂ ਬਾਰੇ ਗੋਲਡਨ ਜੁਬਲੀ ਬੁੱਕ ਦੇ ਪੰਨਾ 1●9 ਤੇ ਕਾਨਫ੍ਰੰਸ ਦੇ ਦੂਜੇ ਦਿਨ ਹੋਏ ਦੀਵਾਨ ਬਾਰੇ ਲਿਖਿਆ ਹੈ - ਗੁਰਪੁਰੀ ਵਾਸੀ ਭਾਈ ਹੀਰਾ ਸਿੰਘ ਜੀ ਰਾਗੀ ਦੇ ਛੋਟੇ ਭਰਾਤਾ ਭਾਈ ਪ੍ਰਧਾਨ ਸਿੰਘ ਤੇ ਉਨ੍ਹਾਂ ਦੇ ਬਿਰਧ ਪਿਤਾ ਭਾਈ ਭਾਗ ਸਿੰਘ ਜੀ ਦੇ ਜਥੇ ਨੇ 4 ਵਜੇ ਆਸਾ ਦੀ ਵਾਰ ਲਾਈ ਭਾਈ ਪ੍ਰਧਾਨ ਸਿੰਘ ਜੀ ਸਿਦਕ ਤੇ ਭਰੋਸੇ ਵਾਲੇ ਸਿੰਘ ਹਨ, ਇਨ੍ਹਾਂ ਦੀ ਰਸਨਾ ਵਿੱਚ ਰਸ ਹੈ, ਤੇ ਵਿਆਖਿਆ ਕਰਨ ਲਗਿਆਂ ਆਪਣੇ ਮਾਨਯੋਗ ਭਰਾਤਾ ਭਾਈ ਹੀਰਾ ਸਿੰਘ ਜੀ ਰਾਗੀ ਵਾਲਾ ਹੀ ਰੰਗ ਬਣਾ ਦੇਂਦੇ ਸਨ, ਆਪ ਦਾ ਕੀਰਤਨ ਬੜਾ ਹੀ ਪ੍ਰਭਾਵਸ਼ਾਲੀ ਸੀ। ਸੰਗਤਾਂ ਸੁਣ ਸੁਣ ਕੇ ਗਦ ਗਦ ਹੋ ਰਹੀਆਂ ਸਨ।

-ਇਸ ਕਾਨਫ੍ਰੰਸ ਵਿੱਚ ਭਾਈ ਤਖਤ ਸਿੰਘ ਫੀਰੋਜ਼ਪੁਰ ਵਾਲਿਆਂ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਵਿਚਾਰ ਪ੍ਰਗਟ ਕੀਤੇ ਕਿ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਜੋੜ ਮੇਲਿਆਂ ਨੂੰ ਹਰਮਨ ਪਿਆਰਾ ਬਨਾਉਣ ਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੀਵਾਨਾਂ ਪਰ ਬਾਕਾਇਦਾ ਹਾਜ਼ਰੀ ਭਰਨ ਦੀ ਲੋੜ ਨਿਸ਼ਚਿਤ ਕਰਾਉਣੀ ਚਾਹੀਦੀ ਹੈ- ਇਸ ਜੁਗਤ ਨਾਲ ਵਿਦਿਆਰਥੀਆਂ ਵਿੱਚ ਅੰਮ੍ਰਿਤ ਵੇਲੇ ਉਠਣ ਦਾ ਸੁਭਾਉ ਪੈ ਜਾਇਗਾ, ਇਹ ਬੱਚੇ ਨੂੰ ਨੇਕ, ਅਰੋਗ ਤੇ ਸ਼ੁਭ ਆਚਰਨ ਵਾਲਾ ਬਣਾ ਦੇਵੇਗਾ। ਦੀਵਾਨ ਵਿੱਚ ਪਵਿਤ੍ਰ ਬਾਣੀ ਜੋ ਕੀਰਤਨ ਦੁਆਰਾ ਪਵਿੱਤਰਤਾ ਨਾਲ ਗਾਵੀਂ ਜਾਵੇਗੀ, ਆਪਣਾ ਪਵਿਤਰ ਅਸਰ ਪਾਉਣੋ ਨਹੀਂ ਰਹੇਗੀ ਤੇ ਵਿਦਿਆਰਥੀਆਂ ਦੇ ਮਨਾਂ ਪਰ ਗੁਰੂਜੀ ਦੀ ਸਿਖਿਆ ਦਾ ਸੁਤੇ ਪ੍ਰਭਾਵ ਪਵੇਗਾ। ਇਹ ਬੜੇ ਸ਼ੋਕ ਦੀ ਗਲ ਹੈ ਜੋ ਅੰਮ੍ਰਿਤ ਵੇਲੇ ਉਠਣ ਦੀ ਵਾਦੀ, ਜੋ ਸਿਖ ਦੀ ਜ਼ਿੰਦਗੀ ਦਾ ਇਕ ਜ਼ਰੂਰੀ ਹਿੱਸਾ ਹੈ ਨੌਜੁਆਨਾਂ ਵਿਚੋਂ ਲੋਪ ਹੋ ਰਹੀ ਹੈ।

ਇਸ ਕਾਨਫ੍ਰੰਸ ਵਿੱਚ ਜਿਹੜਾ ਇਨਾਮੀ ਕੀਰਤਨ ਦਰਬਾਰ ਹੋਇਆ ਉਸ ਵਿੱਚ ਕੀਰਤਨ ਕਰਨ ਵਾਲੇ 8 ਸਿੰਘਾਂ ਨੇ ਹਿਸਾ ਲਿਆ। ਸ੍. ਸੁਜਾਨ ਸਿੰਘ ਸਾਹਿਬ, ਸ੍: ਬਹਾਦਰ ਭਾਈ ਕਾਨ੍ਹ ਸਿੰਘ ਜੀ ਤੇ ਸੰਤ ਹੀਰਾ ਸਿੰਘ ਜੀ ਜੱਜ ਨੀਯਤ ਕੀਤੇ ਗਏ ਸਨ। ਦਰਬਾਰ ਆਰੰਭ ਹੋਣ ਤੋਂ ਪਹਿਲਾਂ ਭਾਈ ਸੁਧ ਜੀ ਦੇ ਰਾਗੀ ਜਥੇ ਨੇ ਰਾਗ ਨਾਨੜਾ ਵਿੱਚ ਐਸੀ ਲਾਲ ਤੁਝ ਬਿਨ ਕਉਨੁ ਕਰੈ ਸ਼ਬਦ ਦਾ ਕੀਰਤਨ ਕੀਤਾ , ਜਿਸ ਨੂੰ

ਸੰਗਤਾਂ ਨੇ ਪ੍ਰੇਮ ਨਾਲ ਸੁਣਿਆ।

ਫਿਰ ਸ੍ਰ: ਬ: ਕਾਹਨ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੀਆਂ ਕਈ ਰਮਜ਼ਾਂ ਸਮਝਾਈਆਂ। ਉਹਨਾਂ ਕਿਹਾ- ਖਾਲਸਾ ਜੀ ਵਾਹਿਗੁਰੂ ਦੀ ਕ੍ਰਿਪਾ ਨਾਲ ਸਾਡੇ ਵਿੱਚ ਚੰਗੇ ਰਾਗੀ ਹੋ ਗਏ ਹਨ। ਜੋ ਪਰੇਮ ਮਈ ਕੀਰਤਨ ਕਰਦੇ ਹਨ, ਪਰੰਤੂ ਕਈ ਥਾਵਾਂ ਤੇ ਇਹ ਦੇਖਣ ਵਿੱਚ ਆਇਆ ਹੈ ਕਿ ਰਾਗੀ ਤੇ ਰਬਾਬੀ ਸਿਨੇਮਾ ਤੇ ਨਾਟਕਾਂ ਦੀਆਂ ਚੰਚਲ ਧਾਰਨਾਂ ਬਹੁਤੀਆਂ ਵਰਤਦੇ ਹਨ ਜਿਸ ਤੋਂ ਉਹ ਭਾਵ ਤੇ ਅਸਰ ਨਹੀਂ ਹੋ ਰਿਹਾ ਜੋ ਕੀਰਤਨ ਤੋਂ ਹੋਣਾ ਚਾਹੀਦਾ ਸੀ। ਚੀਫ ਖਾਲਸਾ ਦੀਵਾਨ ਦੀ ਐਜੂਕੇਸ਼ਨ ਕਮੇਟੀ ਨੇ ਰਾਗ ਦੀ ਉਹ ਮਰਯਾਦਾ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਥਾਪੀ ਤੇ ਸ੍ਰੀ ਗੁਰੂਅਰਜਨ ਦੇਵ ਜੀ ਮਹਾਰਾਜ ਨੇ ਪ੍ਰਣੀਤ ਕੀਤੀ, ਨੂੰ ਫਿਰ ਪ੍ਰਚਲਤ ਕਰਨ ਦਾ ਸ਼ਲਾਘਾਯੋਗ ਉਦਮ ਅਰੰਭਿਆ ਹੈ। ਜਿਹੜੇ ਰਾਗੀ ਇਸ ਕੀਰਤਨ ਦਰਬਾਰ ਵਿੱਚ ਹਿੱਸਾ ਲੈਣ ਵਾਲੇ ਹਨ,ਉਹਨਾਂ ਨੂੰ ਇਹਨਾਂ ਗੱਲਾਂ ਦਾ ਖਿਆਲ ਰੱਖਣਾ ਚਾਹੀਦਾ ਹੈ ਕਿ ਬਾਣੀ ਦਾ ਸ਼ੁਧ ਤੇ ਸਪਸ਼ਟ ਉਚਾਰਨ ਹੋਵੇ।ਸ਼ੁਧ ਪਾਠ ਤੋਂ ਭਾਵ ਇਹ ਹੈ ਸਿਆਰੀ ਬਿਹਾਰੀ ਆਦਿ ਲਗਾਂ ਮਾਤਰਾਂ ਦਾ ਪੂਰਨ ਉਚਾਰਨ ਹੋਵੇ ਜਿਹਾ ਕਿ- ਕਾਮਿ ਕ੍ਰੋਧਿ ਨਗਰੁ ਬਹੁ ਭਰਿਆ

ਕਾਮ ਕ੍ਰੋਧ ਦੀ ਸਿਆਰੀ ਨਾਲ ਇਸ ਪਾਠ ਦੇ ਇਸ ਪਾਠ ਦੇ ਅਰਥ ਇਹ ਬਣਦੇ ਹਨ ਕਾਮਿ ਕੋਧਿ ਦੇ ਨਾਲ- ਇਸੇ ਤਰ੍ਹਾਂ ਪਾਠ ਹੈ- ਤਿਸਦੈ ਚਾਨਣਿ ਸਭ ਮਹਿ ਚਾਨਣਿ ਹੋਇ॥

ਪਹਿਲੇ ਚਾਨਣਿ ਵਿਚ ਸਿਆਰੀ ਹੈ ਜਿਸਦੇ ਅਰਥ ਹਨ ਨਾਲ ਦੂਜੇ ਪਾਠ ਵਿੱਚ ਚਾਨਣੁ ਹੈ ਜੋ ਨਾਊਨ ਹੈ ਇਹਦੇ ਅਰਥ ਹਨ ਚਾਨਣਾ।

ਸਪਸ਼ਟ ਤੋਂ ਭਾਵ ਇਹ ਹੈ ਕਿ ਜਿਹੜੀ ਤੁਕ ਉਚਾਰਨ ਕੀਤੀ ਜਾਏ ਸਰੋਤੇ ਉਸ ਨੂੰ ਚੰਗੀ ਤਰ੍ਹਾਂ ਸੁਣ ਸਕਣ, ਉਹਨਾਂ ਨੂੰ ਪਤਾ ਲਗ ਜਾਇ ਕਿ ਕਿਹੜੀ ਪੰਗਤੀ ਪੜ੍ਹੀ ਜਾ ਰਹੀ ਹੈ। ਕਿਉਂ ਕਿ ਕਈ ਵਾਰ ਵੇਖਿਆ ਗਿਆ ਹੈ ਕਿ ਇਹ ਪਤਾ ਨਹੀਂ ਲਗਦਾ ਕਿ ਰਾਗੀ ਕਿਹੜੀ ਤੁਕ ਉਚਾਰਨ ਕਰ ਰਿਹਾ ਹੈ।

ਕਈ ਰਾਗੀ ਗਾਉਣ ਲੱਗਿਆਂ ਮੂੰਹ ਵਿੰਗਾ ਟੇਡਾ ਕਰ ਲੈਂਦੇ ਹਨ, ਜੋ ਨਹੀਂ ਕਰਨਾ ਚਾਹੀਦਾ। ਕਈ ਵੇਰ ਹੱਥਾਂ ਨੂੰ ਹਿਲਾਉਣ ਉੱਤੇ ਬਹੁਤਾ ਜ਼ੋਰ ਦਿੱਤਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਕੀਰਤਨ ਵਿੱਚ ਇਹ ਗੱਲ ਨਹੀਂ ਸੋਭਦੀ। ਲੋੜ ਅਨੁਸਾਰ ਕੁਝ ਦੱਸਣ ਲਈ ਹਥ ਹਿਲਾਇਆ ਜਾਂ ਟਕੋਰ ਲਗਾਈ ਜਾਣੀ ਚਾਹੀਦੀ ਹੈ, ਪਰ ਲੋੜ ਤੋਂ ਵਧੀਕ ਨਹੀ।

ਕੀਰਤਨ ਕਰਨ ਲੱਗਿਆਂ ਸੁਰ, ਤਾਲ ਅਤੇ ਲੈਅ ਆਦਿਕ ਦਾ ਖਾਸ ਖਿਆਲ ਰਖਣਾ ਚਾਹੀਦਾ ਹੈ। ਕੀਰਤਨ ਦਾ ਇਕ ਜ਼ਰੂਰੀ ਅੰਗ ਇਹ ਹੁੰਦਾ ਹੈ ਕਿ ਕੀਰਤਨ ਦਾ ਸੰਗਤਾਂ ਤੇ ਕੀ ਅਸਰ ਪਿਆ? ਕੀਰਤਨ ਉਸੇ ਰਾਗੀ ਦਾ ਪ੍ਰਸ਼ੰਸਨੀਯ ਸਮਝਣਾ ਚਾਹੀਦਾ ਹੈ। ਜਿਸਦਾ ਸ੍ਰੋਤਿਆਂ ਤੇ ਅਸਰ ਚੰਗਾ ਨਾ ਪਿਆ, ਉਸ ਰਾਗੀ ਨੂੰ ਯੋਗ ਨਹੀਂ ਸਮਝਣਾ ਚਾਹੀਦਾ।

ਢਾਈ ਘੰਟੇ ਦੇ ਕਰੀਬ ਇਹ ਦਰਬਾਰ ਹੋਇਆ, ਸ੍ਰੀ ਗੁਰੂਗ੍ਰੰਥ ਸਾਹਿਬ ਜੀ ਬਾਣੀ ਨੂੰ ਪੁਰਾਤਨ ਧਾਰਨਾ, ਜਿਹਨਾਂ ਰਾਗਾਂ ਵਿੱਚ ਸ਼ਬਦ ਉਚਾਰਨ ਹੋਏ ਹਨ, ਉਹਨਾਂ ਵਿੱਚ ਹੀ ਗਾਇਨ ਕਰਨਾ, ਸ਼ੁਧ ਤੇ ਸਪਸ਼ਟਤਾ ਨਾਲ ਪੜ੍ਹੇ ਜਾਣ ਸਬੰਧੀ ਚੀਫ ਖਾਲਸਾ ਦੀਵਾਨ ਦੇ ਇਸ ਉੱਦਮ ਨੂੰ ਸਾਰਿਆਂ ਪਾਸਿਆਂ ਤੋਂ ਸਲਾਹਿਆ ਗਿਆ ਤੇ ਦੀਵਾਨ ਦੇ ਇਸ ਕੰਮ ਨੂੰ ਪੰਥ ਦੀ ਨਿੱਗਰ ਉਸਾਰੀ ਤੇ ਭਾਰੀ ਪੰਥ ਸੇਵਾ ਕਹਿਆ ਜਾਂਦਾ ਰਿਹਾ। ਇਸ ਕੀਰਤਨ ਦਰਬਾਰ ਵਿੱਚ ਜੱਜਾਂ ਦੇ ਫੈਸਲੇ ਭਾਈ ਸਮੁੰਦ ਸਿੰਘ ਜੀ ਨੂੰ ਪਹਿਲਾ ਇਨਾਮ 125 ਰੁਪਏ ਦਾ ਦਿੱਤਾ ਗਿਆ । ਦੂਜੇ ਇਨਾਮ ਤੇ ਰਹਿਣ ਵਾਲੇ ਭਾਈ ਪਿਆਰਾ ਸਿੰਘ, ਪੰ. ਨਥੂਰਾਮ, ਤੇ ਪ੍ਰੋ. ਸੁੰਦਰ ਸਿੰਘ ਜੀ ਸਨ, ਜਿਹਨਾਂ ਤਿੰਨਾਂ ਨੂੰ ਇਕੋ ਜਿਹਾ ਇਨਾਮ ਦਿੱਤਾ ਗਿਆ।

ਕਾਨਫ੍ਰੰਸ ਦੇ ਇਹਨਾ ਦੀਵਾਨਾਂ ਵਿੱਚ ਆਸਾ ਦੀ ਵਾਰ ਦੇ ਕੀਰਤਨ ਨੂੰ ਬਹੁਤ ਮਹੱਤਤਾ ਦਿੱਤੀ ਜਾਂਦੀ ਸੀ। 24ਵੀਂ ਕਾਨਫ੍ਰੰਸ ਦੇ ਇੱਕ ਦਿਨ ਆਸਾ ਦੀ ਵਾਰ ਦੇ ਕੀਰਤਨ ਬਾਰੇ ਪੰਨਾ 112 ਤੇ ਲਿਖਿਆ ਹੈ-

ਸਵੇਰੇ ਚਾਰ ਵਜੇ ਭਾਈ ਸਾਹਿਬ ਭਾਈ ਸੁਧ ਸਿੰਘ ਜੀ ਰਾਗੀ ਨੇ ਆਸਾ ਦੀ ਵਾਰ ਲਾਈ। ਆਪ ਦਾ ਕੀਰਤਨ ਇਸ ਤਰ੍ਹਾਂ ਦਾ ਔਜਸਵੀ ਪੁਰ ਅਸਰ ਦਿਲ ਹਿਲਾ ਦੇਣ ਵਾਲਾ ਤੇ ਪਰੇਮ ਦੇ ਲਹਿਰਾਉ ਵਿੱਚ ਲਿਆਉਣ ਵਾਲਾ ਸੀ ਕਿ-

ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਣ॥

ਇਸ ਤਰ੍ਹਾਂ ਇਸ ਵੇਲੇ ਦਾ ਕੀਰਤਨ ਜਿਹਨਾਂ ਨੇ ਸਾਖਿਆਤ ਸੁਣਿਆ ਹੈ ਉਹਨਾ ਨੇ ਹੀ ਰਸ ਮਾਣਿਆ ਹੈ। ਆਪ ਨੇ ਕੀਰਤਨ ਕਰਦਿਆਂ ਅਰਸ਼ੀ ਰੰਗ ਜਮਾ ਦਿੱਤਾ, ਸੰਗਤਾਂ ਖੀਵੀਆਂ ਹੋ ਚਲੂਲ ਰੰਗ ਵਿੱਚ ਰੰਗੀਜ ਗਈਆਂ, ਹਰ ਪਾਸੇ ਵਿਸਮਾਦੀ ਨਜ਼ਾਰਾ ਦਿਸ ਰਿਹਾ ਸੀ।

ਇਹਨਾਂ ਕਾਨਫ੍ਰੰਸਾਂ ਵਿੱਚ ਤੰਤੀ ਸਾਜ਼ਾਂ ਨਾਲ ਵੀ ਕੀਰਤਨ ਨੂੰ ਉਤਸਾਹਿਤ ਕੀਤਾ ਜਾਂਦਾ ਸੀ। 24ਵੀਂ ਕਾਨਫ੍ਰੰਸ

ਦਾ ਜਿਕਰ ਹੈ-

ਭਾਈ ਤੇਜਿੰਦਰ ਸਿੰਘ ਰਾਗੀ ਨੇ ਵਾਇਲਨ ਨਾਲ

ਗੁਰ ਸੇਵਾ ਤੇ ਭਗਤ ਕਮਾਈ।।

ਤਬ ਏਹ ਮਾਨਸ ਦੇਹੀ ਪਾਈ।।

ਗਾਂਵਿਆਂ।ਸੰਗਤਾਂ ਤੇ ਚੰਗਾ ਅਸਰ ਪਿਆ।

ਕਾਨਫ੍ਰੰਸਾਂ ਵਿੱਚ ਸੰਤ ਗੁਰਮੁਖ ਸਿੰਘ ਪਟਿਆਲੇ ਵਾਲੇ ਵੀ ਕੀਰਤਨ ਕਰਦੇ ਸਨ। ਪੰਜ਼ੀਵੀਂ ਕਾਨਫ੍ਰੰਸ ਜੋ ਗੁਜਰਾਂਵਾਲਾ ਵਿੱਚ 1935ਈ ਨੂੰ 19 ਅਪ੍ਰੈਲ ਵਾਲੇ ਦਿਨ ਆਰੰਭ ਹੋਈ ਇਸ ਦਿਨ ਅੰਮ੍ਰਿਤ ਵੇਲੇ ਸੰਤ ਜੀ ਨੇ ਕੀਰਤਨ ਕੀਤਾ ਜਿਸ ਬਾਰੇ ਪੰਨਾ-116 ਤੇ ਲਿਖਿਆ ਹੈ-ਸੰਤ ਗੁਰਮੁਖ ਸਿੰਘ ਪਟਿਆਲੇ ਵਾਲਿਆਂ ਨੇ ਤ੍ਰਿਪਹਿਰੇ ਦੀ ਚੌਂਕੀ ਲਾਈ, ਸੰਗਤਾਂ ਇੱਕ ਖਾਸ ਤਰ੍ਹਾਂ ਦੇ ਰਸ ਵਿੱਚ ਆ ਕੇ ਝੂਮ ਰਹੀਆਂ ਸਨ। ਆਪ ਦੀ ਕੋਇਲ ਵਰਗੀ ਆਵਾਜ਼ ਹਜ਼ਾਰਾਂ ਦੀ ਗਿਣਤੀ ਵਿੱਚ ਬੈਠੇ ਸਿੱਖਾਂ ਦੇ ਹਿਰਦਿਆਂ ਦੀਆਂ ਗਹਿਰਾਈਆਂ ਵਿੱਚ ਪੁੱਜ ਧੰਨ ਗੁਰੂਨਾਨਕ ਦੀ ਗੁੰਜਾਰ ਪੈਦਾ ਕਰ ਰਹੀ ਸੀ। ਇਸੇ ਤਰ੍ਹਾਂ 25ਵੀਂ ਕਾਨਫ੍ਰੰਸ ਵਿੰਚ ਸੰਤ ਜੀ ਦੇ ਕੀਰਤਨ ਬਾਰੇ ਲਿਖਿਆ ਹੈ-ਅਜ ਸਵੇਰੇ ਢਾਈ ਵਜੇ ਧਾਰਮਕ ਪੰਡਾਲ ਵਿੱਚ ਸ੍ਰੀ ਮਾਨ ਸੰਤ ਗੁਰਮੁਖ ਸਿੰਘ ਜੀ ਪਟਿਆਲੇ ਵਾਲੇ ਦੇ ਜਥੇ ਨੇ ਕੀਰਤਨ ਸ਼ੁਰੂਕੀਤਾ, ਅੰਮ੍ਰਿਤ ਵੇਲੇ, ਨਿਰਮਲ ਆਕਾਸ਼ ਵਿੱਚ ਅਣਗਿਣਤ ਤਾਰੇ ਤੇ ਧਰਤੀ ਤੇ ਹਜ਼ਾਰਾਂ ਗੁਰੂਦੁਲਾਰੇ ਸ਼ਰਧਾ ਭਰੇ ਦਿਲਾਂ ਤੇ ਚਾਉ ਭਰੇ ਕੰਨਾਂ ਨਾਲ ਅਰਸ਼ੀ ਬਾਣੀ ਸੁਣ ਗਦ ਗਦ ਹੋ ਰਹੇ ਸਨ।

ਕਾਨਫ੍ਰੰਸਾਂ ਵਿੱਚ ਭਾਈ ਸੁਧ ਸਿੰਘ ਜੀ ਦਾ ਰਾਗੀ ਜਥਾ ਵਿਸ਼ੇਸ਼ ਤੌਰ ਤੇ ਹਿੱਸਾ ਲੈਂਦਾ ਸੀ। ਆਪ ਵੱਲੋਂ ਕੀਤੇ ਆਸਾ ਦੀ ਵਾਰ ਦੇ ਕੀਰਤਨ ਦਾ ਵਰਣਨ ਜੁਬਲੀ ਬੁੱਕ ਵਿੱਚ ਕਈ ਥਾਂ ਕੀਤਾ ਗਿਆ ਹੈ-

25ਵੀਂ ਕਾਨਫ੍ਰੰਸ ਵਿੱਚ ਕੀਤੇ ਕੀਰਤਨ ਬਾਰੇ ਲਿਖਿਆ ਹੈ-ਫੇਰ ਭਾਈ ਸੁਧ ਸਿੰਘ ਜੀ ਨੇ ਆਸਾ ਦੀ ਵਾਰ ਦੀ ਚੌਂਕੀ ਲਾਈ, ਆਪ ਦੇ ਜਥੇ ਦਾ ਕੀਰਤਨ ਡਾਢੀ ਖਿਚ ਪਾ ਰਿਹਾ ਸੀ ਤੇ ਸੰਗਤ ਸ਼ਾਂਤੇ ਕਰੁਣਾ ਰਸ ਨਾਲ ਝੂਮ ਰਹੀ ਸੀ।

25ਵੀਂ ਕਾਨਫਰੰਸ ਗੁਰਮਤਿ ਸੰਗੀਤ ਪੱਖੋਂ ਵਿਸ਼ੇਸ਼ ਮਹੱਤਵ ਵਾਲੀ ਸੀ। ਇਸ ਕਾਨਫ੍ਰੰਸ ਵਿੱਚ ਸ੍ਰੀ ਹਰਿਮੰਦਰ ਸਾਹਿਬ ਵਾਂਗ ਕੀਰਤਨ ਦਾ ਪ੍ਰਵਾਹ ਚੌਂਕੀਆਂ ਵਾਲਾ ਸ਼ੁਰੂ ਕੀਤਾ ਗਿਆ। ਸਿਵਾਇ 12 ਤੋਂ 2 ਵਜੇ ਰਾਤ ਤਕ ਬਾਕੀ ਦੇ 22 ਘੰਟੇ ਲਗਾਤਾਰ ਅਨੰਦਮਈ ਕੀਰਤਨ ਹੋਇਆ।

ਇਸ ਕਾਨਫ੍ਰੰਸ ਦੇ ਕੀਰਤਨ ਦਰਬਾਰ ਬਾਰੇ ਲਿਖਿਆ ਹੈ-

ਕੀਰਤਨ ਦਰਬਾਰ ਦੇ ਚਾਰ ਜੱਜ ਸਨ, ਸਰਦਾਰ ਬਹਾਦਰ ਕਾਹਨ ਸਿੰਘ, ਪ੍ਰੋਫੈਸਰ ਸਾਹਿਬ ਸਿੰਘ, ਸਰਦਾਰ ਨਰਿੰਦਰ ਸਿੰਘ ਸੁਪਰਡੈਂਟ ਪੋਸਟ ਆਫਸ ਆਰ.ਐਮ.ਲਾਹੌਰ, ਸਰਦਾਰ ਸੁਜਾਨ ਸਿੰਘ ਰੀਟਾਇਰਡ ਅਸਿਸਟੈਂਟ ਕੰਟਰੋਲਰ ਮਿਲਟਰੀ ਰਾਵਲਪਿੰਡੀ।

ਕੀਰਤਨ ਦੇ ਚਾਰ ਹਿੱਸੇ

1. ਰਾਗ ਦੀ ਪਛਾਣ ਵਾਸੇ ਸਰਦਾਰ ਸੁਜਾਨ ਸਿੰਘ ਜੀ ਰਾਵਲਪਿੰਡੀ
2. ਕੀਰਤਨ ਦੀ ਤਾਸੀਰ ਵੇਖਣ ਲਈ ਸਰਦਾਰ ਨਰਿੰਦਰ ਸਿੰਘ
3. ਸਾਂਗੋਪਾਂਗ ਸਾਫ ਸਪਸ਼ਟ ਸੁਣੇ ਜਾਣ ਦੀ ਜਾਣ ਪਛਾਣ ਵਾਸਤੇ ਸ੍ਰ.ਕਾਹਨ ਸਿੰਘ ਜੀ।
4. ਸ਼ੁਧ ਪਾਠ ਲਈ ਪ੍ਰੋਫੈਸਰ ਸਾਹਿਬ ਸਿੰਘ ਜੀ ਸਨ।

ਰਾਤ ਦੇ 12 ਵਜੇ ਇਹ ਸ਼ਾਨਦਾਰ ਕੀਰਤਨ ਦਰਬਾਰ ਸਮਾਪਤ ਹੋਇਆ ਸੰਗਤਾਂ ਕੀਰਤਨ ਦਰਬਾਰ ਰਾਹੀਂ ਗੁਰਬਾਣੀ ਸ਼ੁਧ ਉਚਾਰਨ ਤੇ ਰਾਗਾਂ ਦੀ ਰਾਗੀਆਂ ਵਿੱਚ ਗਯਾਤ ਵਧਾਣ ਦੀ ਕਾਰਵਾਈ ਤੋਂ ਚੀਫ ਖਾਲਸਾ ਦੀਵਾਨ ਦੀ ਪ੍ਰਸ਼ੰਸ਼ਾ ਕਰ ਰਹੀਆਂ ਸਨ।

ਐਤਕੀਂ ਦੇ ਕੀਰਤਨ ਦਰਬਾਰ ਨੇ ਦਸ ਦਿੱਤਾ ਕਿ ਇਸ ਪੱਖ ਵਿੱਚ ਅਗਲੇ ਸਾਲਾਂ ਨਾਲੋਂ ਤਰੱਕੀ ਹੋਈ ਹੈ। ਚੀਫ ਖਾਲਸਾ ਦੀਵਾਨ ਦੀ ਐਜੂਕੇਸ਼ਨ ਕਮੇਟੀ ਦਾ ਮਹੱਤਵ ਇਹ ਹੈ ਕਿ ਸਾਡਾ ਕੀਰਤਨ ਰਸ ਮਈ ਤੇ ਪ੍ਰਭਾਵਸ਼ਾਲੀ ਹੋਵੇ ਜੈਸਾ ਕਿ ਸਤਿਗੁਰਾਂ ਦੇ ਸਮੇਂ ਸੀ। ਅਕਸਰ ਰਾਗੀ ਸਿੰਘ ਇਹ ਸਮਝਦੇ ਹਨ ਕਿ ਕਿਹੜੇ ਰਾਗ ਦੀ ਪ੍ਰੀਖਿਆ ਹੋਣੀ ਹੈ। ਰਾਗੀ ਸਮੁੱਚਾ ਕੀਰਤਨ ਨਹੀਂ ਪਰ ਕੀਰਤਨ ਦਾ ਇੱਕ ਅੰਗ ਤੇ ਜ਼ਰੂਰੀ ਅੰਗ ਹੈ।ਸੁਰ ਤਾਰ ਲੈਅ ਦੀ ਸਫਾਈ ਸ਼ੁਧਤਾਈ ਕਮਾਲ ਤੇ ਚਾਹੀਏ। ਇਸੇ ਤਰ੍ਹਾਂ ਬਾਣੀ ਦਾ ਸ਼ੁਧ ਉਚਾਰਨ, ਸਪਸ਼ਟ ਉਚਾਰਨ, ਤੇ ਰਾਗੀ ਸਿੰਘਾਂ ਦੀ ਬੈਠਕ ਵੀ ਕੀਰਤਨ ਦੇ ਅੰਗ ਹਨ। ਸਾਰੇ ਅੰਗਾਂ ਦਾ ਸਮੁੱਚਾ ਫਲ ਤਾਸੀਰ ਚਾਹੀਏ ਕਿ ਸੁਣਨ ਵਾਲਿਆਂ ਪਰ ਗਾਇਨ ਕੀਤੇ ਗਏ ਸ਼ਬਦਾਂ ਭਾਵ ਅੰਕਿਤ ਹੋ ਕੇ ਬ੍ਰਿਤੀ ਨੂੰ ਸਤੋਗੁਣੀ ਕਰੇ, ਪ੍ਰਾਰਲਭ ਹੋਵੇ ਤਾਂ ਲਿਵ ਵਿਚ ਲੈ ਜਾਵੇ। ਇਹ ਸਾਰਾ ਕੁਝ ਕੀਰਤਨੀ ਸੱਜਣਾਂ ਨੂੰ ਸਮਝ ਲੈਣਾ ਚਾਹੀਏ ਜੋ ਅਗਲੇ ਸਾਲ ਕੰਮ ਆਵੇ।(117)

25ਵੀਂ ਕਾਨਫ੍ਰੰਸ ਵਿੱਚ ਭਾਈ ਪ੍ਰਧਾਨ ਸਿੰਘ ਭਾਗ ਸਿੰਘ ਦੇ ਜਥੇ ਦੇ ਆਸਾ ਦੀ ਵਾਰ ਦੇ ਕੀਰਤਨ ਬਾਰੇ ਜਿਕਰ ਕੀਤਾ ਗਿਆ ਗਿਆ ਹੈ- 4 ਤੋਂ 6 ਵਜੇ ਤਕ ਸ੍ਰੀ ਮਾਨ ਭਾਈ ਪ੍ਰਧਾਨ ਸਿੰਘ ਭਾਗ ਸਿੰਘ ਜੀ ਰਾਗੀ ਨੇ ਆਸਾ ਦੀ ਵਾਰ ਲਾਈ ਤੇ ਆਨੰਦ ਦਾ ਦਰਿਆ ਉਛਾਲੇ ਮਾਰ ਰਿਹਾ ਸੀ, ਸੰਗਤਾਂ ਕ੍ਰਿਤ ਕ੍ਰਿਤ ਹੋ ਰਹੀਆਂ ਸਨ।

ਸ੍. ਮੰਗਲ ਸਿੰਘ ਪ੍ਰਧਾਨ ਰੀਸੈਪਸ਼ਨ ਕਮੇਟੀ ਨੇ ਕਿਹਾ ਰਾਗ ਵਿਦਿਆ ਤੇ ਸਧਾਰਨ ਕੀਰਤਨ ਵਿੱਚ ਪ੍ਰੇਮ ਤੇ ਰਸ ਵਧਾਉਣ ਵਲ ਉਚੇਚਾ ਯਤਨ ਕਰਨਾ ਚਾਹੀਦਾ ਹੈ।

ਸਤਾਈਵੀਂ ਕਾਨਫ੍ਰੰਸ ਵਿੱਚ ਹੋਏ ਕੀਰਤਨ ਦਰਬਾਰ ਰਾਗ ਜੈਜੈਵੰਤੀ ਨੀਯਤ ਕੀਤਾ ਗਿਆ ਸੀ। ਇਸ ਕੀਰਤਨ ਦਰਬਾਰ ਵਿੱਚ ਬੀਬੀ ਜਸਵੰਤ ਕੌਰ ਅੰਮ੍ਰਿਤਸਰ ਨੂੰ ਪਹਿਲਾ ਭਾਈ ਸੁਧ ਸਿੰਘ ਪ੍ਰਧਾਨ ਸਿੰਘ ਰਾਗੀ ਸਰਗੋਧੇ ਵਾਲਿਆਂ ਨੂੰ ਦੂਜਾ ਇਨਾਮ ਪ੍ਰਾਪਤ ਹੋਇਆ।

28ਵੀਂ ਕਾਨਫ੍ਰੰਸ ਵਿੱਚ ਰਾਗ ਸੋਰਠ ਨੀਯਤ ਹੋਇਆ ਸੀ। ਇਸ ਕੀਰਤਨ ਦਰਬਾਰ ਵਿੱਚ ਬੀਬੀ ਜਸਵੰਤ ਕੌਰ ਨੂੰ ਪਹਿਲਾ ਤੇ ਭਾਈ ਗੁਰਮੁਖ ਸਿੰਘ ਸਰਮੁਖ ਸਿੰਘ ਨੂੰ ਦੂਜਾ ਤੇ ਭਾਈ ਸੁਧ ਸਿੰਘ ਪ੍ਰਧਾਨ ਨੂੰ ਤੀਜਾ ਇਨਾਮ ਪ੍ਰਾਪਤ ਹੋਇਆ।

29ਵੀਂ ਕਾਨਫ੍ਰੰਸ ਵਿੱਚ ਰਾਗ ਕਾਨੜਾ ਅਡਾਣਾ ਨੀਯਤ ਹੋਇਆ ਸੀ। ਮੁਕਾਬਲਾ ਕਾਫੀ ਜ਼ੋਰਦਾਰ ਸੀ ਜਿਸ ਵਿੱਚ ਜੱਜਾਂ ਦੇ ਫੈਸਲੇ ਅਨੁਸਾਰ ਭਾਈ ਸਮੁੰਦ ਸਿੰਘ ਨੂੰ ਪਹਿਲਾ ਇਨਾਮ, ਬੀਬੀ ਜਸਵੰਤ ਕੌਰ ਨੂੰ ਦੂਜਾ ਤੇ ਬੀਬੀ ਜੋਗਿੰਦਰ ਕੌਰ ਨੂੰ ਤੀਜਾ ਇਨਾਮ ਮਿਲਿਆ। ਇਸ ਦੇ ਨਾਲ ਹੀ ਪੰਡਤ ਨਥੂਰਾਮ ਤੇ ਭਾਈ ਦੇਵਤਾ ਸਿੰਘ ਨੂੰ ਸਪੈਸ਼ਲ ਇਨਾਮ ਦਿੱਤਾ ਗਿਆ।

3●ਵੀਂ ਕਾਨਫ੍ਰੰਸ ਵਿੱਚ ਸਿਰੀ ਰਾਗ ਨੀਯਤ ਕੀਤਾ ਗਿਆ ਸੀ। ਇਸ ਵਿੱਚ ਪਹਿਲਾ ਇਨਾਮ ਭਾਈ ਹਰਨਾਮ ਸਿੰਘ ਜਸਵੰਤ ਸਿੰਘ ਦੇ ਰਾਗੀ ਜਥੇ ਨੂੰ, ਦੂਜੇ ਅਤੇ ਤੀਜੇ ਦਰਜੇ ਦੇ ਇਨਾਮਾਂ ਨੂੰ ਮਿਲਾ ਕੇ ਬੀਬੀ ਜੋਗਿੰਦਰ ਕੌਰ ਰੇਡੀਓ ਆਰਟਿਸਟ ਤੇ ਭਾਈ ਸੁਧ ਸਿੰਘ ਪ੍ਰਧਾਨ ਸਿੰਘ ਸਰਗੋਧੇ ਵਾਲਿਆਂ ਨੂੰ ਦਿੱਤਾ ਗਿਆ।

31ਵੀਂ ਕਾਨਫ੍ਰੰਸ ਵਿੱਚ ਆਸਾ ਰਾਗ ਨੀਯਤ ਕੀਤਾ ਗਿਆ। ਇਸ ਕੀਰਤਨ ਦਰਬਾਰ ਵਿੱਚ ਸ੍; ਹਰਭਜਨ ਸਿੰਘ ਬੀ.ਏ. ਸਰਗੋਧਾ ਨੂੰ ਪਹਿਲਾ ਇਨਾਮ, ਸ੍. ਹਰਨਾਮ ਸਿੰਘ ਰਾਗੀ ਮਿੰਟਗੁਮੀਰ ਨੂੰ ਦੂਜਾ ਅਤੇ ਸ੍. ਨਿਹਾਲ ਸਿੰਘ ਫਿਰੋਜ਼ਪੁਰ ਨੂੰ ਤੀਜਾ ਇਨਾਮ ਦਿੱਤਾ ਗਿਆ।

32ਵੀਂ ਕਾਨਫ੍ਰੰਸ ਵਿੱਚ ਪਹਿਲੇ ਦਿਨ ਸਵੇਰੇ ਅੰਮ੍ਰਿਤਵੇਲੇ ਨਿਯਮ ਅਨੁਸਾਰ ਸ਼ਾਮਿਯਾਨਿਆਂ ਹੇਠ ਧਾਰਮਿਕ ਦੀਵਾਨ ਸਜਿਆ। ਭਾਈ ਸਾਹਿਬ ਸੁਧ ਸਿੰਘ ਪ੍ਰਧਾਨ ਸਿੰਘ ਜੀ ਸਰਗੋਧੇ ਵਾਲਿਆਂ ਨੇ ਸ੍ਰੀ ਗੁਰੂਨਾਨਕ ਦੇਵ ਜੀ ਦੇ ਪਿਆਰੇ ਆਸਾ ਦੀ ਵਾਰ ਦਾ ਰਸਮਈ ਕੀਰਤਨ ਕੀਤਾ। ਹਜ਼ਾਰਾਂ ਗੁਰਸਿਖਾਂ ਦਾ ਭਰਿਆ ਦੀਵਾਨ ਤਿੰਨ ਘੰਟੇ ਕੀਰਤਨ ਨਿਰਮੋਲਕ ਹੀਰਾ ਦੇ ਰਸ ਨੂੰ ਮਾਣਦਾ ਇਕਾਗਰ ਚਿਤ ਵਿਸਮਾਦ ਵਿੱਚ ਝੂਮਦਾ ਰਿਹਾ।

ਇਸ ਕਾਨਫ੍ਰੰਸ ਦੇ ਇਨਾਮੀ ਕੀਰਤਨ ਦਰਬਾਰ ਵਿੱਚ ਰਾਗ ਬਿਹਾਗੜਾ ਨਿਸਚਿਤ ਕੀਤਾ ਗਿਆ। ਇਸ ਵਿੱਚ ਪਹਿਲਾ ਇਨਾਮ ਭਾਈ ਸਮੁੰਦ ਸਿੰਘ, ਦੂਜਾ ਇਨਾਮ ਕਾਕਾ ਬੇਅੰਤ ਸਿੰਘ ਨੌ ਨਿਹਾਲ ਸਿੰਘ ਅਤੇ ਪ੍ਰਧਾਨ ਸਿੰਘ ਨੂੰ ਤੀਜਾ ਇਨਾਮ ਮਿਲਿਆ।

33ਵੀਂ ਕਾਨਫ੍ਰੰਸ ਵਿੱਚ ਰਾਗ ਬਸੰਤ ਨੀਯਤ ਕੀਤਾ ਗਿਆ ਸੀ। ਇਸ ਵਿੱਚ ਪਹਿਲਾ ਇਨਾਮ ਪਰਧਾਨ ਸਿੰਘ, ਦੂਜਾ ਇਨਾਮ ਬੀਬੀ ਮਨਸ਼ਾ ਕੌਰ ਅਤੇ ਤੀਜਾ ਇਨਾਮ ਲਾਲਾ ਮੇਘਰਾਜ ਨੂੰ ਪ੍ਰਾਪਤ ਹੋਇਆ।

ਪਟਿਆਲਾ ਵਿਖੇ ਹੋਈ 34ਵੀਂ ਕਾਨਫ੍ਰੰਸ ਵਿੱਚ 22 ਅਕਤੂਬਰ ਨੂੰ ਅੰਮ੍ਰਿਤ ਵੇਲੇ ਸਜੇ ਦੀਵਾਨ ਵਿੱਚ ਭਾਈ ਸੁਧ ਸਿੰਘ ਪ੍ਰਧਾਨ ਸਿੰਘ ਦੇ ਰਾਗੀ ਜਥੇ ਨੇ ਆਸਾ ਦੀ ਵਾਰ ਦਾ ਕੀਰਤਨ ਕਰ ਕੇ ਸਾਈ ਨਾਮ ਅਮੋਲ ਦੀ ਮਹਿਮਾ ਤੇ ਗੌਰਵਤਾ ਗੁਰੂਹੁਕਮਾਂ ਅਨੁਸਾਰ ਦਰਸਾ ਕੇ ਸ਼੍ਰੋਤਾ ਸੁਰਤਾਂ ਨੂੰ ਅੰਮ੍ਰਿਤ ਰਸ ਨਾਲ ਤ੍ਰਿਪਤ ਕੀਤਾ।

ਇਸ ਕਾਨਫ੍ਰੰਸ ਵਿੱਚ ਕੀਰਤਨ ਮੁਕਾਬਲੇ ਲਈ ਚਾਰ ਜੱਜ ਥਾਪੇ ਗਏ ਕੰਵਰ ਪਦਮਜੀਤ ਸਿੰਘ, ਬਾਵਾ ਉ੧ਾਜਾਗਰ ਸਿੰਘ, ਟਿਕਾ ਸੁਰਿੰਦਰ ਸਿੰਘ ਜੀ ਬੇਦੀ, ਤੇ ਭਾਈ ਸਾਹਿਬ ਭਾਈ ਅਰਿਦਮਨ ਸਿੰਘ ਬਾਗੜੀਆਂ।

ਇਸ ਕਾਨਫ੍ਰੰਸ ਵਿੱਚ ਦੋ ਤਰ੍ਹਾਂ ਦੇ ਮੁਕਾਬਲੇ ਹੋਏ। ਸੁਸਿਖਿਅਤ ਰਾਗੀਆਂ ਲਈ ਦਰਬਾਰੀ ਕਾਨੜ੍ਹਾ ਰਾਗ ਨਿਯਤ ਹੋਇਆ ਅਤੇ ਸਿਖਾਂਦਰੂਆਂ ਲਈ ਰਾਗ ਸੋਰਠ ਨਿਯਤ ਕੀਤਾ ਗਿਆ। ਰਾਗ ਦਰਬਾਰੀ ਕਾਨੜਾ ਦੇ ਮੁਕਾਬਲੇ ਵਿੱਚ ਪਹਿਲਾ ਇਨਾਮ ਪਰੋਫੈਸਰ ਰਵੇਲ ਸਿੰਘ ਕੰਵਲ ਨੂੰ, ਦੂਜਾ ਭਾਈ ਗੁਰਮੁਖ ਸਿੰਘ ਸਰਮੁਖ ਸਿੰਘ ਨੂੰ ਤੀਜਾ ਭਾਈ ਪ੍ਰਤਾਪ ਸਿੰਘ

ਅੰਮ੍ਰਿਤਸਰ ਵਾਲਿਆਂ ਨੂੰ ਪ੍ਰਾਪਤ ਹੋਇਆ। ਰਾਗ ਸੋਰਠ ਦੇ ਮੁਕਾਬਲੇ ਵਿੱਚ ਪਹਿਲਾ ਇਲਾਮ ਬੀਬੀ ਰਾਜਵੰਸ਼ ਕੌਰ ਨੂੰ, ਦੂਜ ਗਿਆਨੀ ਹਰਭਜਨ ਸਿੰਘ ਰਤਨ ਤੇ ਤੀਜਾ ਸ੍ਰ. ਸੁਰਜੀਤ ਸਿੰਘ ਨੂੰ ਦਿੱਤਾ ਗਿਆ। ਸਪੈਸ਼ਲ ਇਨਾਮ ਬੀਬੀ ਦਰਸ਼ਨ ਕੌਰ ਨੂੰ ਵੀ ਦਿੱਤਾ ਗਿਆ।

35ਵੀਂ ਕਾਨਫ੍ਰੰਸ 23-24-25 ਅਪ੍ਰੈਲ ਨੂੰ ਅੰਮ੍ਰਿਤਸਰ ਵਿੱਖੇ ਹੋਈ। ਇਸ ਹੋਏ ਇਨਾਮੀ ਕੀਰਤਨ ਦਰਬਾਰ ਰਾਗੀ ਗਉੜੀ (ਭੈਰਉ ਅੰਗ) ਨੀਯਤ ਕੀਤਾ ਗਿਆ। ਗਾਇਕਾਂ ਵਿੱਚੋਂ ਪਹਿਲਾ ਇਨਾਮ ਬੀਬੀ ਰਾਜਬੰਸ ਕੌਰ, ਦੂਜਾ ਇਨਾਮ ਸ੍ਰ. ਹਰਭਜਨ ਸਿੰਘ ਰਤਨ ਤੇ ਤੀਜਾ ਬੀਬੀ ਦਲਜੀਤ ਕੌਰ ਨੂੰ ਦਿੱਤਾ ਗਿਆ। ਰਾਗੀਆਂ ਵਿੱਚੋ ਪਹਿਲਾ ਇਨਾਮ ਪ੍ਰੋ. ਰਵੇਲ ਸਿੰਘ ਪਟਿਆਲਾ ਅਤੇ ਦੂਜਾ ਇਨਾਮ ਭਾਈ ਹਰਨਾਮ ਸਿੰਘ ਜੋਗੀ ਨੂੰ ਦਿੱਤਾ ਗਿਆ। 36ਵੀਂ ਕਾਨਫ੍ਰੰਸ 11-12-13 ਅਪ੍ਰੈਲ ਨੂੰ ਨਵੀਂ ਦਿਲੀ ਗੁਰਦੁਆਰਾ ਰਕਾਬਗੰਜ ਸਾਹਿਬ ਵਿੱਚ ਹੋਈ। ਇਸ ਵਿੱਚ ਹੋਏ ਕੀਰਤਨ ਦਰਬਾਰ ਵਿੱਚ ਰਾਗ ਦਰਬਾਰੀ ਕਾਨੜਾ ਨੀਯਤ ਕੀਤਾ ਗਿਆ ਸੀ। ਪਹਿਲਾ ਇਨਾਮ ਬੀਬੀ ਮਨਸਾ ਕੌਰ ਜੀ ਨੂੰ, ਦੂਜਾ ਇਨਾਮ ਸ੍ਰ. ਪ੍ਰਤਾਪ ਸਿੰਘ ਅਤੇ ਭਾਈ ਮਨਮੋਹਨ ਸਿੰਘ ਰਾਹੀ ਬੰਬਈ ਵਾਲਿਆਂ ਨੂੰ ਦਿੱਤਾ ਗਿਆ।

37ਵੀਂ ਕਾਨਫ੍ਰੰਸ ਕਾਨਪੁਰ ਵਿਖੇ ਹੋਈ ਸੀ। ਇਸ ਵਿੱਚ ਸੁਸਿਖਿਅਤ ਰਾਗੀਆਂ ਲਈ ਰਾਗ ਸ਼ਾਮ ਕੇਦਾਰਾ ਅਤੇ ਸਿਖਾਂਦਰੂਆਂ ਲਈ ਕਾਨੜਾ ਬਾਗੇਸ਼ਰੀ ਨੀਯਤ ਕੀਤਾ ਗਿਆ ਸੀ। ਸੁਸਿਖਿਅਤ ਰਾਗੀਆਂ ਵਿੱਚੋਂ ਪਹਿਲਾ ਇਨਾਮ ਭਾਈ ਸੁਧ ਸਿੰਘ ਪ੍ਰਧਾਨ ਸਿੰਘ, ਦੂਜਾ ਇਨਾਮ ਭਾਈ ਮੋਹਨ ਸਿੰਘ ਜੀ ਬੰਬਈ ਅਤੇ ਤੀਜਾ ਇਨਾਮ ਪ੍ਰੋ. ਰਵੇਲ ਸਿੰਘ ਪਟਿਆਲਾ ਨੂੰ ਪ੍ਰਾਪਤ ਹੋਇਆ। ਸਿਖਾਂਦਰੂਆਂ ਵਿੱਚੋਂ ਪਹਿਲਾ ਇਨਾਮ ਬੀਬੀ ਸਤੀ ਗੋਪੀ, ਦੂਜਾ ਬੀਬੀ ਜਸਬੀਰ ਕੌਰ ਦਲਜੀਤ ਕੌਰ ਪਟਿਆਲਾ ਅਤੇ ਤੀਜਾ ਇਨਾਮ ਬੀਬੀ ਅਵਤਾਰ ਕੌਰ ਸਹਾਰਨ ਪੁਰ ਨੂੰ ਪ੍ਰਾਪਤ ਹੋਇਆ।

38ਵੀਂ ਕਾਨਫ੍ਰੰਸ ਬੰਬਈ ਵਿਖੇ ਹੋਈ ਸੀ। ਇਸ ਰਾਗ ਦੇ ਇਨਾਮੀ ਕੀਰਤਨ ਦਰਬਾਰ ਵਿੱਚ ਰਾਗੀ ਸ੍ਰੀ ਨੀਯਤ ਕੀਤਾ ਗਿਆ ਸੀ। ਪਹਿਲਾ ਇਨਾਮ ਭਾਈ ਮੋਹਨ ਸਿੰਘ ਰੇਡੀਓ ਆਰਟਿਸਟ, ਦੂਜਾ ਇਨਾਮ ਸ੍ਰੀ ਡਬਲਿਯੂਐਮ. ਵਾਡਾਨੀ ਜੀ ਨੂੰ ਤੇ ਤੀਜਾ ਇਨਾਮ ਬੀਬ ਜਸਵੰਤ ਕੌਰ ਜੀ ਨੂੰ ਦਿੱਤਾ ਗਿਆ।

39ਵੀਂ ਕਾਨਫ੍ਰੰਸ ਲੁਧਿਆਣਾ ਵਿਖੇ ਹੋਈ ਸੀ। ਇਸ ਦੇ ਕੀਰਤਨ ਦਰਬਾਰ ਵਿੱਚ ਰਾਗ ਜੈਜੈਵੰਤੀ ਨੀਯਤ ਕੀਤਾ ਗਿਆ ਸੀ। ਪਹਿਲਾ ਇਨਾਮ ਭਾਈ ਵਰਿਆਮ ਸਿੰਘ, ਦੂਜਾ ਇਨਾਮ ਪ੍ਰੋ. ਹਰਚਰਨ ਸਿੰਘ ਅਤੇ ਤੀਜਾ ਇਨਾਮ ਭਾਈ ਜਸਵੰਤ ਸਿੰਘ ਨੂੰ ਪ੍ਰਾਪਤ ਹੋਇਆ।

4●ਵੀਂ ਕਾਨਫ੍ਰੰਸ ਜਲੰਧਰ ਵਿਖੇ ਹੋਈ। ਇਸ ਦੇ ਇਨਾਮੀ ਕੀਰਤਨ ਦਰਬਾਰ ਵਿੱਚ ਰਾਗ ਸੋਰਠ ਨੀਯਤ ਕੀਤਾ ਗਿਆ ਸੀ। ਪਹਿਲਾ ਇਨਾਮ ਕਿਸੇ ਨੂੰ ਨਹੀਂ ਦਿੱਤਾ ਗਿਆ ਦੂਜਾ ਇਨਾਮ ਭਾਈ ਪ੍ਰਧਾਨ ਸਿੰਘ ਸਰਗੋਧੇ ਵਾਲਿਆਂ ਨੂੰ ਅਤੇ ਤੀਜਾ ਇਨਾਮ ਸ੍ਰੀ ਗੁਰੂ ਰਾਮ ਦਾਸ ਵਿਦਿਆਲਾ ਦੇ ਵਿਦਿਆਰਥੀਆਂ ਨੂੰ ਤੇ ਚੌਥਾ ਇਨਾਮ ਸ੍ਰ. ਰਵੇਲ ਸਿੰਘ ਪਟਿਆਲੇ ਵਾਲੇ ਨੂੰ ਅਤੇ ਇੱਕ ਸਪੈਸ਼ਲ ਇਨਾਮ ਬੀਬੀ ਸੱਤੀ ਤੇ ਗੋਪੀ ਸਿੰਧੀ ਭੈਣਾਂ ਨੂੰ ਦਿੱਤਾ ਗਿਆ।

ਇਸ ਤੋਂ ਇਲਾਵਾ ਚੀਫ ਖਾਲਸਾ ਦੀਵਾਨ ਨੇ ਕੀਰਤਨੀਆਂ ਨੂੰ ਸਨਮਾਨਿਤ ਕਰਨ ਦੀ ਰੀਤ ਚਲਾਈ ਇਸ ਵਿੱਚ ਉੱਘੇ ਕੀਰਤਨੀਆਂ ਦੇ ਨਾਮ ਤੇ ਅਵਾਰਡ ਆਰੰਭ ਕੀਤੇ ਗਏ। ਜਿਵੇਂ ਭਾਈ ਹੀਰਾ ਸਿੰਘ ਐਵਾਰਡ, ਭਾਈ ਸੰਤਾ ਸਿੰਘ ਐਵਾਰਡ ਆਦਿ। ਇਹਨਾਂ ਕਾਨਫ੍ਰੰਸਾਂ ਰਾਹੀਂ ਅਜੇ ਵੀ ਗੁਰਮਤਿ ਸੰਗੀਤ ਨੂੰ ਪ੍ਰਫੁਲਤ ਕਰਨ ਦੇ ਜਤਨ ਕੀਤੇ ਜਾ ਰਹੇ ਹਨ। ਇਹਨਾਂ ਭਾਵਨਾਵਾਂ ਦਾ ਹੀ ਪ੍ਰਤਾਪ ਹੈ ਕਿ ਅੱਜ ਗੁਰਮਤਿ ਸੰਗੀਤ ਸਕੂਲਾਂ ਤੋਂ ਲੈ ਕੇ ਯੂਨੀਵਰਸਟੀਆਂ ਤਕ ਇੱਕ ਵਖਰੇ ਸਬਜੈਕਟ ਦੇ ਤੌਰ ਲਾਗੂਹੋ ਗਿਆ ਹੈ। ਇਸ ਨੂੰ ਸੰਸਾਰ ਪੱਧਰ ਤੇ ਵੀ ਮਾਨਤਾ ਪ੍ਰਾਪਤ ਹੋ ਗਈ ਹੈ।

**Now you can read Amrit Kirtan**
**& Download Kirtan of Dr. Jagir Singh from**
**www.amritkirtan.com**

**Send this information to your friends**

# ਸੁਰ-ਲਿਪੀ : ਰਾਗ ਧਨਾਸਰੀ

**ਪ੍ਰਿੰਸੀਪਲ ਦਿਆਲ ਸਿੰਘ**

| | | |
|---|---|---|
| ਵਾਦੀ-ਪ | ਠਾਟ-ਕਾਫੀ | ਸਮਾਂ-ਦਿਨ ਦਾ ਤੀਜਾ ਪਹਿਰ |
| ਸੰਵਾਦੀ-ਸ | ਜਾਤੀ-ਓਡਵ-ਸੰਪੂਰਨ | ਵਿਸ਼ੇਸ਼-'ਪਾ ਗਾ' ਦੀ ਸੁਰ-ਸੰਗਤੀ |

ਆਰੋਹ-ਅਵਰੋਹ (ਕਾਫੀ ਠਾਟ)-ਸ, ਗੁ ਮ ਪ, ਨੁ ਸੰ। ਸੰ, ਨੁ ਧ ਪ, ਮ ਗੁ, ਰ ਸ।
ਆਰੋਹ-ਅਵਰੋਹ (ਭੈਰਵੀ ਨਾਟ)-ਸ, ਗੁ, ਮ, ਪ, ਨੁ ਸਂ। ਸਂ ਨੁ ਧੁ ਪ, ਮ ਗੁ, ਰੁ ਸ।

ਮ
ਪਕੜ-ਸ, ਨੁ਼ਸ ਗੁ ਮ ਪ, ਨੁ ਧਪਗੁ ਪ, ਗੁ, ਰਸਨੁ਼ ਸ।

## ਤਿੰਨ ਤਾਲ (ਮਧਯ ਲਯ)

### ਅਸਥਾਈ

| 0 | | | | ੩ | | | | × | | | | ੨ | | | |
|---|---|---|---|---|---|---|---|---|---|---|---|---|---|---|---|
| | | | | | | | | | | | | | | ਪ | ਮ |
| | | | | | | | | | | | | | | ਬੰ | ਦ |
| ਪ | - | - | ਗੁ | ਗੁ | ਰ | - | ਨੁ਼ | ਸ | - | - | - | - | - | ਪ | ਮ |
| ਨਾ | s | s | ਹ | ਰਿ | ਬੰ | s | ਦ | ਨਾ | s | s | s | s | s | ਬੰ | ਦ |
| ਪ | - | - | ਗੁ | ਗੁ | ਰ | - | ਨੁ਼ | ਸ | - | - | - | - | - | - | - |
| ਨਾ | s | s | ਹ | ਰਿ | ਬੰ | s | ਦ | ਨਾ | s | s | s | s | s | s | s |
| - | ਪ਼ | ਨੁ਼ | ਨੁ਼ | ਸ | - | ਗੁ | - | ਮ | ਪ | ਪ | ਪ | ਮ | ਗੁ | | |
| s | ਗੁ | ਣ | ਗਾ | ਵਹੁ | s | ਗੋ | s | ਪਾ | s | ਲ | ਰਾ | s | ਇ | ਬੰਦਨਾ... | |

### ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | ਪ | ਨੁ | ਨੁ | ਸਂ | ਸਂ | ਸਂ | - | ਨੁ | - | ਸਂ | ਗੁਂ | ਰਂ | ਸਂ | ਸ਼ਂ | - |
| | ਵ | ਡੈ | ਭਾ | s | ਗ | ਭੇ | s | ਟੇ | s | ਗੁ | ਰ | ਦੇ | s | ਵਾ | s |
| | | | | ਸਂ | | ਧ | | ਮ | | | | ਮ | | | |
| - | ਸਂ | ਸਂ | ਰਂ | ਨੁ | - | ਪ | ਪ | ਗੁ | - | ਮ | ਪ | ਗੁ | ਰਸ | | |
| s | ਕੋ | ਟ | ਪ | ਰਾ | s | ਧ | ਮਿ | ਟੇ | s | ਹ | ਰਿ | ਸੇ | ਵਾs | ਬੰਦ... | |

ਧਨਾਸਰੀ ਮਹਲਾ ੫ ਘਰੁ ੧੨
ਬੰਦਨਾ ਹਰਿ ਬੰਦਨਾ ਗੁਣ ਗਾਵਹੁ ਗੋਪਾਲ ਰਾਇ ॥ ਰਹਾਉ ॥
ਵਡੈ ਭਾਗਿ ਭੇਟੇ ਗੁਰਦੇਵਾ ॥ ਕੋਟਿ ਪਰਾਧ ਮਿਟੇ ਹਰਿ ਸੇਵਾ ॥੧॥
ਚਰਨ ਕਮਲ ਜਾ ਕਾ ਮਨੁ ਰਾਪੈ ॥ ਸੋਗ ਅਗਨਿ ਤਿਸੁ ਜਨ ਨ ਬਿਆਪੈ ॥੨॥
ਸਾਗਰੁ ਤਰਿਆ ਸਾਧੂ ਸੰਗੇ ॥ ਨਿਰਭਉ ਨਾਮੁ ਜਪਹੁ ਹਰਿ ਰੰਗੇ ॥੩॥
ਪਰ ਧਨ ਦੋਖ ਕਿਛੁ ਪਾਪ ਨ ਫੇੜੇ ॥ ਜਮ ਜੰਦਾਰੁ ਨ ਆਵੈ ਨੇੜੇ ॥੪॥
ਤ੍ਰਿਸਨਾ ਅਗਨਿ ਪ੍ਰਭਿ ਆਪਿ ਬੁਝਾਈ ॥ ਨਾਨਕ ਉਧਰੇ ਪ੍ਰਭ ਸਰਣਾਈ ॥੫॥੧॥੫੫॥

I bow in reverence to the Lord, I bow in reverence. I sing the Glorious Praises of the Lord, my King. ||Pause||By great good fortune, one meets the Divine Guru.Millions of sins are erased by serving the Lord. ||1||One whose mind is imbued with the Lord's lotus feet is not afflicted by the fire of sorrow. ||2|| He crosses over the world-ocean in the Saadh Sangat, the Company of the Holy. He chants the Name of the Fearless Lord, and is imbued with the Lord's Love. ||3|| One who does not steal the wealth of others, who does not commit evil deeds or sinful acts - the Messenger of Death does not even approach him. ||4|| God Himself quenches the fires of desire. O Nanak, in God's Sanctuary, one is saved. ||5||1||55|| (Page 683)


ਫਲਗੁਨਿ ਮਨਿ ਰਹਸੀ ਪ੍ਰੇਮੁ ਸੁਭਾਇਆ ॥

In Phalgun, her mind is enraptured, pleased by the Love of her Beloved.

ਅਨਦਿਨੁ ਰਹਸੁ ਭਇਆ ਆਪੁ ਗਵਾਇਆ ॥

Night and day, she is enraptured, and her selfishness is gone.

ਮਨ ਮੋਹੁ ਚੁਕਾਇਆ ਜਾ ਤਿਸੁ ਭਾਇਆ ਕਰਿ ਕਿਰਪਾ ਘਰਿ ਆਓ ॥

Emotional attachment is eradicated from her mind, when it pleases Him; in His Mercy, He comes to my home.

ਬਹੁਤੇ ਵੇਸ ਕਰੀ ਪਿਰ ਬਾਝਹੁ ਮਹਲੀ ਲਹਾ ਨ ਥਾਓ ॥

I dress in various clothes, but without my Beloved, I shall not find a place in the Mansion of His Presence.

ਹਾਰ ਡੋਰ ਰਸ ਪਾਟ ਪਟੰਬਰ ਪਿਰਿ ਲੋੜੀ ਸੀਗਾਰੀ ॥

I have adorned myself with garlands of flowers, pearl necklaces, scented oils and silk robes.

ਨਾਨਕ ਮੇਲਿ ਲਈ ਗੁਰਿ ਅਪਣੈ ਘਰਿ ਵਰੁ ਪਾਇਆ ਨਾਰੀ ॥੧੬॥

O Nanak, the Guru has united me with Him. The soul-bride has found her Husband Lord, within the home of her own heart. ||16||

***With best compliments from a wellwisher***

# Artist being honoured at

# निनाद बाद-ए-सबा

**Takshila Educational Society is privileged to host a very dedicated person for his contribution to Classical Music in India**

Professor Kartar Singh, a humble and down to earth person, has mastered the art of singing Shabads of Gurbani in classical-Ragas. Even in the ripe age of 81, he is able to mesmerize the audience with his sheer mastery over his art.

Dhumanke village of Lahore on April, 3, 1928, he received his primary education in Lahore and proceed to Punjab University to complete his education. He is a master of Music and also has the degree of "Sangeet Praveen Gayan" from Alahabad. Prof. Singh learnt the intricacies of Classical Ragas from many masters of the field like Ustad Gyani Gurcharan Singh, Bhai Surinder Singh, Bhai Dalip Singh, J.S. Bhamra, Balwant Rai Jaiswal and numerous others.

He started his career as a Music Teacher in 1968 and served Malwa Central College of Education, Ludhiana till 1971. He also served Guru Nanak Girls College, Model Town Ludhiana from 1971 to 1988. Presently, Director of Gurmat Sangeet Academy (Anandpur Sahib) he cherishes the National Award bestowed upon his recently by Bhartiya Sangeet Natya Academy.

Prof. Singh has also authorised four books on Gurmat Sangeet-Gurbani Sangeet Darpan, Gurmat Sangeet Darpan, Guru Angad Dev Sangeet Darpan and Gurmat Sangeet Darpan Part-II

Postal Regd. No. G/CDH/0045/2009-10 RNI Regd. No. 46788/89 ISSN 0972-2335

ੴ ਸਤਿਗੁਰ ਪ੍ਰਸਾਦਿ।।

# ਬਜ਼ੁਰਗ ਕੀਰਤਨ ਦਰਬਾਰ

ਸਮੂਹ ਸੰਗਤਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਅੰਮ੍ਰਿਤ ਕੀਰਤਨ ਟਰਸਟ ਵੱਲੋਂ 60 ਸਾਲ ਜਾਂ ਇਸ ਤੋਂ ਵੱਧ ਉਮਰ ਵਾਲੇ ਬਜ਼ੁਰਗਾਂ (ਵੀਰਾਂ ਅਤੇ ਭੈਣਾਂ) ਦਾ ਇਕ ਵਿਸ਼ੇਸ਼ ਕੀਰਤਨ ਦਰਬਾਰ

**ਮਿਤੀ 5 ਦਸੰਬਰ 2010 (ਦਿਨ ਐਤਵਾਰ) ਨੂੰ**

**ਸਵੇਰੇ 10.00 ਵਜੇ ਤੋਂ ਬਾਅਦ ਦੁਪਹਿਰ 2.00 ਵਜੇ ਤੱਕ**

**ਗੁਰਦੁਆਰਾ ਬੀਬੀ ਭਾਨੀ ਫੇਜ਼-7, ਮੋਹਾਲੀ ਵਿਖੇ**

ਕਰਵਾਇਆ ਜਾ ਰਿਹਾ ਹੈ। ਇਸ ਦੇ ਨਿਯਮ ਹੇਠ ਲਿਖੇ ਅਨੁਸਾਰ ਹੋਣਗੇ:-

1. ਇਸ ਵਿਚ ਵਿਅਕਤੀਗਤ ਤੌਰ ਤੇ ਇਕੱਲਾ ਬਜ਼ੁਰਗ ਹੀ ਸ਼ਬਦ ਗਾਇਨ ਕਰ ਸਕੇਗਾ।
2. ਤਬਲਾ ਵਜਾਉਣ ਵਾਲੇ ਦਾ ਪ੍ਰਬੰਧ ਟਰਸਟ ਵੱਲੋਂ ਵੀ ਹੋਵੇਗਾ। ਲੋੜ ਅਨੁਸਾਰ ਕੀਰਤਨੀਆ ਆਪਣੇ ਨਾਲ ਤਬਲਾ ਵਾਦਕ ਅਤੇ ਹਰਮੋਨੀਅਮ ਵਾਦਕ ਸ਼ਾਮਲ ਕਰ ਸਕਦਾ ਹੈ।

ਭਾਗ ਲੈਣ ਵਾਲਾ ਬਜ਼ੁਰਗ ਆਪਣਾ ਨਾਮ, ਘਰ ਦਾ ਪਤਾ ਅਤੇ ਫੋਨ ਨੰਬਰ, ਗਾਇਨ ਕੀਤਾ ਜਾਣ ਵਾਲਾ ਸ਼ਬਦ, ਰਾਗ ਅਤੇ ਤਾਲ ਦੱਸਦੇ ਹੋਏ 25 ਨਵੰਬਰ 2010 ਤਕ ਸੂਚਨਾ ਦੇਣ ਦੀ ਕਿਰਪਾ ਕਰਨ।

ਹੋਰ ਜਾਣਕਾਰੀ ਲਈ ਹੇਠ ਲਿਖੇ ਅਨੁਸਾਰ ਸੰਪਰਕ ਕਰੋ ਜੀ

## ਅੰਮ੍ਰਿਤ ਕੀਰਤਨ ਟਰਸਟ

ਕੋਠੀ ਨੰ: 422, ਸੈਕਟਰ 15 ਏ, ਚੰਡੀਗੜ੍ਹ
ਮੋਬਾਇਲ : 98140 53630

ਸ੍ਰੀ ਹਰਭਜਨ ਸਿੰਘ ਚੋਪੜਾ
ਮੋਬਾਇਲ : 09316136268